## ਗਰਮ ਲਹੂ ਦੀਆਂ ਧਾਰਾਂ

ਕਹਾਣੀ ਦਿਨ ਦੇ ਵੇਹੜੇ ਦੀਆਂ
ਮੈਂ ਰਾਤਾਂ ਜਾਗ ਸੁਣਾਵਾਂ
ਜਦ ਵਾਂਝੇ ਘਰੋਂ ਵਣਜਾਰੇ ਤੁਰਦੇ
ਨਾਲ ਤੁਰਦੀਆਂ ਕਾਲੀਆਂ ਰਾਹਾਂ
ਡਾਲਰ ਪੌਂਡ ਦੇ ਸੁੱਖ ਦੇ ਖਾਤਿਰ
ਟੁੱਟਦੀਆਂ ਮੋਹ ਦੀਆਂ ਤਾਰਾਂ
ਸਾਰੰਗੀ ਕੂਕੇ ਓਹਨਾਂ ਦੇ ਸ਼ਹਿਰ ਦੀ
ਇਥੇ ਉੱਜੜਿਆ ਬਾਗ਼ ਹੀ ਸਾਰਾ
ਇੱਕਲਾ ਤੂੰਬੀ ਰਾਹੀਂ ਕੋਰੀਆਂ ਨਗਮਾਂ
ਸੁਣਾਉਂਦਾ ਇਕ ਵਣਜਾਰਾ

ਵਗਣ ਅੱਖਰਾਂ ਵਿੱਚੋਂ, ਗਰਮ ਲਹੂ ਦੀਆਂ ਧਾਰਾਂ
ਵਗਣ ਅੱਖਰਾਂ  ਵਿੱਚੋ, ਗਰਮ ਲਹੂ ਦੀਆਂ ਧਾਰਾਂ

ਅੰਗਰੇਜੀ ਦੇ ਅੱਖਰ ਖਿੜ੍ਹਦੇ ਹੱਸਦੇ
ਮਿਸਲਾਂ ਭੁੱਲਦੀਆਂ ਸ਼ਹਾਦਤ ਵਾਰਾਂ
ਸੂਰਜ ਮੱਘਦਾ ਮੇਰੇ ਘਰ ਦੇ ਵਿਹੜੇ
ਮੈਂ ਤਾਰੇ ਗਿਣ-ਗਿਣ ਰਾਤ ਗੁਜ਼ਾਰਾ
ਗ਼ਲਤ ਹੈ ਹਾਕਮ, ਗ਼ਲਤ ਹਾਲਾਤ
ਹਾਂ ਗਲਤ ਮੈਂ ਵੀ ਤੇ ਖੁਦਗਰਜ਼ੀ
ਜਜ਼ਬਾਤਾਂ ਨਾਲ ਵਿਚਾਰਾਂ।
ਸੁਪਨੇ ਦੇ ਵਿੱਚ ਪਿੰਡ ਹੀ ਰਹਿੰਦਾ
ਮੈਂ ਮੁੜ ਕਦ ਵਤਨਾਂ ਨੂੰ ਗੇੜਾ ਮਾਰਾ ?



ਜੀਵਨ ਜਾਂਦੀ ਰੁੱਤ ਦਾ ਨਾਂ ਹੈ।
ਕੇਹਂਦਾ ਇਕ ਵਣਜਾਰਾ।

ਵਗਣ ਅੱਖਰਾਂ ਵਿੱਚੋਂ, ਗਰਮ ਲਹੂ ਦੀਆਂ ਧਾਰਾਂ
ਵਗਣ ਅੱਖਰਾਂ  ਵਿੱਚੋ, ਗਰਮ ਲਹੂ ਦੀਆਂ ਧਾਰਾਂ

**ਹਿੰਮਤ ਵੱਡੀ ਸ਼ੈਅ ਆ**

ਹਿੰਮਤ ਵੱਡੀ ਸ਼ੈਅ ਆ
ਤੁਸਾਂ ਕਰਕੇ ਵੇਖਣਾ
ਸੁਮ ਸੁੰਮ ਜਿਓਣੇ ਨਾਲੋਂ
ਸੱਚ ਲਈ ਲੜ ਕੇ ਵੇਖਣਾ

ਰੱਬ ਨੇ ਅੱਖਾਂ ਦਿੱਤੀਆ
ਜਰਾ ਖੋਲ ਕੇ ਵੇਖਣਾ
ਜਿੱਥੇ ਹੁੰਦੀ ਦਿਸੇ ਬੁਰਾਈ
ਜੁਬਾਂ ਤੋਂ ਬੋਲ ਕੇ ਵੇਖਣਾ
ਅਖਬਾਰਾਂ ਤਾਂ ਅੱਜ ਵੀ ਨੇ
ਯਾਰੋ ਖੂਨ ਚ ਰੰਗੀਆ
ਮੋਬਾਈਲ ਸਕ੍ਰੀਨ ਵੀ ਅੱਜ-ਕੱਲ੍ਹ
ਬਸ ਕਰਦੀ ਹੈ ਠੱਗੀਆਂ
ਕਦੇ ਤਾਂ ਸੱਚ ਨੂੰ ਤਰਤੀਬ ਚ
ਤੁਸਾਂ ਤੋਲ ਕੇ ਵੇਖਣਾ
ਰੀਅਲ ਤੇ ਰੀਲ ਦੇ ਅੰਤਰ ਨੂੰ
ਕਦੇ ਖੋਜ ਕੇ ਵੇਖਣਾ।
ਹਿੰਮਤ ਵੱਡੀ ਸ਼ੈਅ ਆ
ਤੁਸਾਂ ਕਰਕੇ ਵੇਖਣਾ

ਨਜ਼ਰੀਂ ਆਵੇ ਰੱਬ ਵੀ
ਦਿਲ ਟਟੋਲ ਕੇ ਵੇਖਣਾ
ਸਤਿਕਾਰੇਓ ਸਦਾ ਮਾਪੇ



ਬਹਿ ਕੋਲ ਜਦ ਵੇਖਣਾ
ਹਿੰਮਤ ਵੱਡੀ ਸ਼ੈਅ ਆ
ਤੁਸਾਂ ਕਰਕੇ ਵੇਖਣਾ

ਲੜਦੇ ਮੰਦਰ ਮਸਜਿਦ ਨੇ
ਪਰ ਕਦੇ ਘਰ ਆਪਸ ਚ ਨਹੀਓ ਲੜਦੇ
ਬੰਨੀ ਫਿਕਰੋਪ੍ਰਸਤ ਦੀ ਪੱਟੀ ਨੂੰ
ਕਦੇ ਲਾਹ ਕੇ ਵੇਖਣਾ।
ਪਿਆਰ ਹੈ ਵੱਡੀ ਸ਼ੈਅ
ਤੁਸਾਂ ਕਰਕੇ ਵੇਖਣਾ

ਮਰਦੇ ਇਥੇ ਸਿਰਫ ਮਜ਼ਲੂਮ ਨੇ
ਬੈਠੇ ਬਾਰੂਦ ਦੇ ਢੇਰ ਤੇ
ਲੀਡਰ ਭਰਨ ਤਿਜੌਰੀਆਂ
ਸਿਰਫ ਥੋਡੇ ਵੋਟਾਂ ਦੇ ਸਿਰ ਤੇ
ਗਰੀਬੀ ਇੰਝ ਨੀ ਮਿਟਣੀ
ਇਹ ਇਤਿਹਾਸ ਗਵਾਹ ਹੈ
ਪਰ ਕਰਦੇ ਤੁਸੀ ਵੀ ਹੋ ਅਣਗੌਲਿਆ
ਕਹਿ ਕੇ , ਨਵਾਂ ਕਯਾ ਹੈ
ਖ਼ੈਰ ਹਿਤੇਸ਼ ਦੀ ਲਿਖਤ ਦਾ
ਇਕ ਪੰਨਾ ਕਦੇ ਪੜ੍ਹ ਕੇ ਵੇਖਣਾ
ਹੋ ਸਕੇ ਤਾਂ ਮਜ਼ਲੂਮਾਂ ਖਾਤਿਰ ਵੀ
ਕਦੇ ਲੜ੍ਹ ਕੇ ਵੇਖਣਾ।
ਚਲੋ ਹਿੰਮਤ ਵੱਡੀ ਸ਼ੈਅ ਆ
ਤੁਸਾਂ ਕਰਕੇ ਵੇਖਣਾ

**ਲੱਖਾ ਜ਼ੁਲਮ ਸਹਾਰੇ ਨੇ ਮੈਂ**

ਲੱਖਾ ਜ਼ੁਲਮ ਸਹਾਰੇ ਨੇ ਮੈਂ
ਪਲਛਿਣ ਹਰਫ਼ਾਂ ਨਾਲ
ਇਕੱਲਿਆ ਗੁਜ਼ਾਰੇ ਨੇ ਮੈਂ
ਸਿਰਫ ਤੇਰੇ ਚੇਹਰੇ ਮੁਸਕਾਨ ਦੀ ਖਾਤਿਰ
ਗਮ ਪਿੰਡੇ ਉੱਤੇ ਵਾਰੇ ਨੇ ਮੈਂ
ਲੰਘਿਆ ਜਦ ਵੀ ਸ਼ਹਿਰ ਤੇਰੇ ਦੀਆ ਗਲੀਆਂ ਵਿਚੋਂ
ਅੱਖੀਆਂ ਹੰਝੂ ਡੋਲੇ ਖਾਰੇ ਨੇ ਮੈਂ
ਨੀਂਦ ਅੱਖਾਂ ਚੋ ਹੈ ਗਾਇਬ ਅੱਜ ਵੀ
ਅੰਗਾਰ ਤਲੀਆਂ ਥਲੇਓ ਲੰਘਾਰੇ ਨੇ ਮੈਂ

ਮੇਰੇ ਤੇ ਹੱਸਦੇ ਤੇਰੇ ਸ਼ਹਿਰ ਦੇ ਫੁੱਲ ਅੱਜ ਵੀ
ਪੱਥਰ ਲੋਕਾਂ ਹੱਥੋਂ ਖਾਏ ਨੇ ਮੈਂ
ਸਾਰੀਆਂ ਖੁਸ਼ੀਆ ਸਿਰਫ ਤੇਰੇ ਹਿੱਸੇ
ਮੈਂ ਆਪੇ ਹੱਥੀਂ ਲੇਖ ਮਿਟਾਏ ਨੇ ਮੈਂ
ਅੱਜ ਵੀ ਇੱਕਲਾ ਬੈਠਾ ਸੋਚਾਂ ਵਿਚ ਨੀ
ਹਰਫ਼ ਕਿੱਧਰੋਂ ਕਿਵੇਂ ਲਿਆਏ ਨੇ ਮੈਂ
ਤੂੰ ਤਾਂ ਵਾਂਗ ਸ਼ਿੰਗਾਰੀ ਹੋਈ ਓ ਹੋਣੀ
ਦਿਸਦਾ ਸਾਦੇ ਲੀੜੇ ਪਾਏ ਨੇ ਮੈਂ
ਹੋਣਾ ਦੌਲਤ ਸ਼ੌਹਰਤ ਮਾਣ ਨਾ ਮੈਨੂੰ
ਜ਼ਿੰਦਗੀ ਰੋਗ ਅਵੱਲੇ ਲਾਏ ਨੇ ਮੈਂ
ਮੈਂ ਚੱਲਦੇ ਰਹਿਣਾ ਵਾਂਗ ਰਾਹ ਮੁਸਫਿਰ
ਇਹ ਕਿੱਸੇ, ਲੇਖਾਂ ਹਿਸੇ ਲਏ ਨੇ ਮੈਂ



**ਗੌਰ ਰੱਖਿਓ ਜ਼ਰਾ ਜ਼ਮੀਨਾਂ ਤੇ**

ਲੋਕਾਂ ਹੱਥ ਕਟਾਰਾਂ ਦੇ ਕੇ
ਅੰਨ੍ਹੇਆ ਹੱਥ ਅਖਬਾਰਾਂ ਦੇ ਕੇ
ਪਾਖੰਡੀਆਂ ਨੂੰ ਸਰੋਪੇ ਦਸਤਾਰਾਂ ਦੇ ਕੇ
ਮਹਿਲ ਬਣਦੇ ਇੱਥੇ ਜ਼ਮੀਨਾਂ ਤੇ
ਘਰ ਦੇ ਟੁਕੜ ਸਾਂਭ ਕੇ ਰੱਖਿਓ
ਗੌਰ ਰੱਖਿਓ ਜ਼ਰਾ ਜ਼ਮੀਨਾਂ ਤੇ

ਬੱਚੇ ਭੁੱਖ ਨਾਲ ਕੁਸਦੇ ਰਾਹਵਾਂਣ
ਤਰਸਣ ਚੁੱਲ੍ਹੇ ਪਏ ਨੂੰ ਬਾਲਣ
ਮਾੜੇ ਧੀੜੇ ਕਿੰਝ ਹੋ ਵੱਸਣ
ਰੁੱਸਗੇ ਰੰਗਲੇ ਮੋਰ, ਜ਼ਮੀਨਾਂ ਦੇ
(ਮਤਲਬ ਵਤਨਾ ਤੋਂ ਬਾਹਰ ਨੂੰ ਗਏ)
ਗੌਰ ਰੱਖਿਓ ਜ਼ਰਾ ਜ਼ਮੀਨਾਂ ਤੇ

ਪਾਣੀ ਹਵਾ ਸਭ ਹੋਇਆ ਹੈ ਦੂਸ਼ਿਤ
ਜੀਵਨ ਮਰਦਾ ਸ਼ੋਰ ਜ਼ਮੀਨਾਂ ਤੇ
ਪੱਧਰ ਦਰਿਆ ਦਾ ਸਾਂਭ ਕੇ ਰੱਖਿਓ
ਗੌਰ ਰੱਖਿਓ ਜ਼ਰਾ ਜ਼ਮੀਨਾਂ ਤੇ

ਕਾਹਦੀ ਟੌਰ ਸ਼ੌਕੀਨੀ, ਤਾਣ ਓ ਹੱਸੇ
ਸਮੈਕ ਦੇ ਛਿੱਟੇ, ਕੱਪੜਿਆ ਲਾਲੀ ਵੱਸੇ
ਠੇਡੇ ਖਾਵਣ, ਮਾਂ ਪੁੱਤ ਨੂੰ ਤਰਸੇ
ਹੁਣ ਮੁੱਕਿਆ ਜੋਰ ਜ਼ਮੀਨਾਂ ਤੇ।

ਘਰ ਦੇ ਬਾਲ ਵੀ ਸਾਂਭ ਕੇ ਰੱਖਿਓ
ਗੌਰ ਰੱਖਿਓ ਜ਼ਰਾ ਜ਼ਮੀਨਾਂ ਤੇ



**84 ਤੇ ਮੈਂ ਲਿਖਦਾ ਨੀ**

Never forget 1984

ਲੋਕ ਕਹਿੰਦੇ ਕੇ 1984 ਤੇ ਮੈਂ ਲਿਖਦਾ ਨੀ
ਪਰ ਸੱਚ ਕਹਾਂ
ਸੱਚ ਬਾਹਰ ਬਜ਼ਾਰੇ ਵਿੱਕਦਾ ਨੀ

ਨਿੱਕੀਆਂ ਲੋਥਾ ਸਰੋਵਰ ਤੈਰਦੀਆਂ
ਖ਼ੂਨ ਨਾਲ ਲੜਪਥ ਓਹ ਪਰਿਸਰ
ਕਹਿਰ ਵਾਪਰਿਆ ਰੱਬ ਦੇ ਮੰਦਰ
ਪਰ ਅਫਸੋਸ
ਅੱਜ ਓਸੇ ਕੌਮ ਨੂੰ ਸੱਚ ਵੀ ਦਿਖਦਾ ਨੀ
ਸੱਚ ਬਾਹਰ ਬਜ਼ਾਰੇ ਵਿੱਕਦਾ ਨੀ

ਭਰਾ ਹਿੰਦੂ ਸਿੱਖ ਵੰਡ ਚ ਰੋਏ
ਓਸ ਦਿਨ ਕਿੰਨੇ ਹੀ ਘਰ ਤਬਾਹ ਨੇ ਹੋਏ
ਦੋਨੋ ਦਿੱਲੀ ਤੇ ਅੰਮ੍ਰਿਤਸਰ ਫਨਾਹ ਨੇ ਹੋਏ
ਅੱਜ ਵੀ ਇਨਸਾਫ਼ ਨੂੰ ਆਸ ਤੱਕਦੀਆਂ ਅੱਖਾਂ
ਸੀਵਾ ਮਾਂ ਤੋ ਖੋਏ ਪੁੱਤਾਂ ਦਾ
ਕੀ ਅੱਜ ਵੀ ਯਾਰੋ ਧੁਖਦਾ ਨੀ ?
ਕੀ ਓਸ ਮਾਂ ਦਾ ਦਿਲ ਵੀ ਦੁੱਖਦਾ ਨੀ ?
ਸੱਚ ਬਾਹਰ ਬਜ਼ਾਰੇ ਵਿੱਕਦਾ ਨੀ।
ਲੋਕ ਕਹਿੰਦੇ ਕੇ 1984 ਤੇ ਮੈਂ ਲਿਖਦਾ ਨੀ

## ਮੈਂ ਹਾਂ ਛੋਟਾ

ਕੁਝ ਕਹਾਣੀਆਂ ਦਾ ਆਧਾਰ ਹੀ ਛੋਟਾ
ਸ਼ਾਯਦ ਵਕਤ ਵੀ ਛੋਟਾ
ਤੇ ਪਿਆਰ ਵੀ ਛੋਟਾ
ਵੱਡੀਆਂ ਕਹਾਣੀਆਂ ਕਹਾਉਣ ਸਮੁੰਦਰ
ਪਰ ਏਸੇ ਵੱਡੇ ਕਿੱਸੇ,
ਮੇਰਾ ਇਜ਼ਹਾਰ ਵੀ ਛੋਟਾ

ਤਾਂ ਇਹਨਾ ਕਿੱਸੇ ਕਹਾਣੀਆਂ ਨੂੰ ਮੈਂ
ਗਿਣਿਆ ਛੋਟਾ
ਮੇਰੇ ਅਰਮਾਨ ਨੇ ਛੋਟੇ, ਦਿਲ ਵੀ ਛੋਟਾ
ਮੇਰੇ ਹਿੱਸੇ ਰਹਿਣਾ ਸਦਾ, ਗਲ ਪਈ ਜੁਦਾਈ
ਤੇਰੇ ਚਿਹਰੇ ਸਾਹਮਣੇ, ਮੇਰਾ ਕਿਰਦਾਰ ਹੈ ਛੋਟਾ
ਤੇਰਾ ਮਹਿੰਗਾ ਸੂਟ, ਤੇ ਮੇਰਾ ਕੁੜਤਾ ਛੋਟਾ
ਤੇਰਾ ਰੁਤਬਾ ਉੱਚਾ, ਮੇਰਾ ਆਲਣ ਛੋਟਾ
ਆਲਮ ਤੇਰੇ ਸ਼ਹਿਰ ਉਜਿਆਰੇ।
ਮੇਰੀ ਨਗਰੀ ਅੰਧੇਰ, ਤੇ ਮੱਘਦਾ ਦੀਵਾ ਛੋਟਾ

ਪਰ ਇਕ ਦਿਨ ਤੇਰੇ ਤਕ ਪਹੁੰਚਣੇ ਨੇੜੇ
ਅਹਿਸਾਸ ਨੇ ਮੇਰੇ
ਤੇਰੀ ਜ਼ਾਤ ਹੈ ਉੱਚੀ, ਮੇਰਾ ਇਸ਼ਕ ਹੈ ਛੋਟਾ
ਤਾਂ ਵੱਡੇ ਕਿੱਸੇ, ਮੇਰਾ ਇਜਹਾਰ ਹੈ ਛੋਟਾ



## ਜਦ ਰਿਸ਼ਤੇ ਪੁੱਛਣ ਸਫ਼ਾਈਆਂ ਨੂੰ

ਜਦ ਰਿਸ਼ਤੇ ਪੁੱਛਣ ਸਫ਼ਾਈਆਂ ਨੂੰ
ਮੁੱਲ ਵਿਕਦੇ ਸਿਰ ਗਵਹੀਆਂ ਨੂੰ
ਕਿਉਂ ਪੁੱਛਾਂ ਹਾਲ ਹਰਜਾਈਆਂ ਨੂੰ
ਤਨ ਛੱਡੇ ਸਾਥ ਪਰਛਾਈਆਂ ਨੂੰ

ਜਦ ਮਰਜ ਅਵੱਲੇ ਹੋਣ ਨੇ ਦਿਸਦੇ
ਕੀ ਕਰਨਾ ਹਾੜ ਦਵਾਈਆਂ ਨੂੰ
ਮੁਨਸਫ਼ ਮੈਨੂੰ ਮਾਫ਼ ਕਰੀ
ਰਿਸ਼ਤੇ ਲੱਭਦੇ ਫਿਰਨ ਰਜਾਈਆਂ ਨੂੰ

ਸੁੱਤੇ ਸ਼ਹਿਰ ਦੇ ਸੁੱਤੇ ਲੋਕ ਨੇ ਇੱਥੇ
ਉੱਚੇ ਖ਼ਾਬ ਨੇ ਢੁਕਦੇ ਹਵਾਈਆਂ ਨੂੰ
ਮੂੰਹ ਨੂੰ ਜਿੰਦਰੇ ਮਾਰ ਕੇ ਸੁੱਟਣ
ਲੋਕ ਓਹਲੇ ਹੁੰਦੇ ਸੁੱਚੇਆਈਆਂ ਨੂੰ

ਹੱਥ ਜੋੜ ਭੀਖ ਵੋਟ ਦੀ ਮੰਗਦੇ
ਭਖਦੀ ਅੱਗ ਮਜ਼ਹਬ ਦੀਆ ਲਾਈਆਂ ਨੂੰ
ਲਾਏ ਤੇਰੇ ਮੇਰੇ ਤਾਂ ਅੱਜ ਵੀ ਸੋਚਣ
ਬੂਟੇ ਇਸ਼ਕ ਦੇ ਪਾਉਣ ਦੋਹਾਈਆਂ ਨੂੰ
ਇਥੇ ਮਾਣ ਨੀ ਮਿਲਣਾ ਜੁਦਾਈਆਂ ਨੂੰ
ਜਦ ਰਿਸ਼ਤੇ ਪੁੱਛਣ ਸਫ਼ਾਈਆਂ ਨੂੰ

**ਇੱਕ ਔਰਤ**

ਅੱਡੀ ਵਿੱਚ ਕੰਡੇ ਦੀ ਪੀੜ ਲੇ ਕੇ ਤੂੰ ਤੁਰਦੀ ਰਹੀ
ਸਹੁਰੇ ਤੇ ਪੇਕੇ
ਦੋਵੇਂ ਥਾਵਾਂ ਉੱਪਰ ਤੇਰੀ ਰਿਹਾਇਸ਼ ਕਿਵੇਂ ਹੋਣੀ
ਮੁਮਕਿਨ
ਤੈਨੂੰ ਨਹੀਂ ਮਿਲੀ ਸੀ ਕਿੱਧਰੇ ਜਗ੍ਹਾ
ਤਾਂ ਵੀ, ਤੂੰ ਤੁਰਦੀ ਰਹੀ।
ਕਿੰਨਾ ਖਲਾਅ ਫੈਲਿਆ ਤੇਰੇ ਅੰਦਰ
ਪਰ ਸਾਰੇ ਦੁੱਖਾਂ ਨੂੰ ਜਰ ਕੇ
ਅੱਖ ਭਰੀ ਰੱਖਣੀ
ਤੇ ਆਪਣੇ ਹੋਠਾਂ ਤੇ ਮੁਸਕਾਨ ਲੈ ਕੇ
ਤਾਂ ਵੀ, ਤੂੰ ਤੁਰਦੀ ਰਹੀ
ਗੀਤ ਓਹ ਨੀ ਸੀ ਜੋ ਲਿਖਿਆ ਗਿਆ
ਫਲਸਫਾ ਓਹ ਨਹੀਂ ਸੀ, ਜੋ ਵਾਪਰਿਆ ਗਿਆ
ਕੰਜਕਾਂ ਪੂਜਨ ਵਾਲੇ
ਕਯਾ ਜਾਨਣ ਤੈਨੂੰ , ਤੇ ਤੇਰੇ ਸਹੀ ਅਰਥਾਂ ਨੂੰ
ਤੇਰਾ ਹੋਣਾ ਲਾਜ਼ਮੀ
ਬੰਦ ਕਮਰੇ ਵਿਚ ਇਕ ਰੋਸ਼ਨਦਾਨ ਦੀ ਤਰ੍ਹਾਂ
ਤੇ ਤੂੰ ਹੀ ਤਾਂ ।
ਰੌਸ਼ਨੀ ਬਣ, ਤੁਰਦੀ ਰਹੀ

ਤੇਰੀ ਲੋਰੀ ਸੰਗੀਤ ਹੁੰਦਾ ਸ਼ਬਦ ਹੁੰਦੇ
ਤੈਨੂੰ ਗੁੰਮਸੁੰਮ ਵੇਖ
ਹਿਤੇਸ਼ ਵੀ ਅੱਜ ਮੌਨ ਹੁੰਦਾ



ਮੈਨੂੰ ਸੁਨਣ ਨੂੰ ਚਾਹੀਦੇ ਨੇ ਸ਼ਬਦ ਤੇਰੇ

ਅਜਾਦੀ ਤੇਰਾ ਮਨੁੱਖੀ ਹੱਕ ਹੈ
ਤੇ ਮੈਂ ਕਹਿਣਾ ਚਾਹੁੰਦਾ ਕੇ
ਤੂੰ ਤੁਰਦੇ ਰਹਿਣਾ ਹੈ
ਆਪਣੇ ਹੱਕ 'ਤੇ ਹੱਕ ਜਤਾ ਕੇ

## ਦੁਹਾਈ ਹੈ

ਸਫ਼ਰਾਂ ਚੱਲਦੇ ਰਹੀਆਂ ਦਾ
ਕਯਾ ਹਾਲ ਬਿਆਂ ਮੈਂ ਕਰ ਸਕਦਾ ?

ਨੰਗੇ ਪੈਰ ਤੁਰਦੇ ਗਰੀਬ ਦੇ ਪੈਰੀ ਛਾਲੇਆ ਦਾ
ਕਯਾ ਲਹੂ ਰਿਸਦਾ ਮੈਂ ਬੰਦ ਕਰ ਸਕਦਾ ?

ਸਿਰਫ ਮਹਿੰਗੇ ਭਾਅ ਦੀਆ ਵਸਤਾਂ ਖਰੀਦ
ਤੂੰ ਦੇਸ਼ ਵਿਕਸਿਤ ਘੋਸ਼ਿਤ ਕਰ ਸਕਦਾ ?

ਪਰ ਦਾਨਿਆ ਦੇ ਅਭਾਵ ਚ ਓਹ ਮਾਸੂਮ ਦਾ
ਢਿੱਡ ਤੂੰ ਕਿਵੇਂ ਭਰ ਸਕਦਾ ?



## ਕਹਾਣੀਆਂ

ਕਹਾਣੀਆਂ ਤਾਂ ਓਹੀਓ ਹੁੰਦੀਆਂ
ਕਹਾਣੀਆਂ ਚ ਬਹੁਤੇ ਬਦਵਲਾਵ ਨੀ ਹੁੰਦੇ
ਜਦ ਲਿਖਣ ਮੈਂ ਬੈਠਾ ਇਕ ਫ਼ਲਸਫ਼ਾ
ਸੋਚਾਂ ਚ ਸ਼ਬਦ ਅਤਾਹ ਨੇ ਹੁੰਦੇ
ਮੇਰੇ ਦੋਸਤ ਮੈਨੂੰ ਦਈ ਮਾਫੀ
ਬਗੈਰ ਤੇਰੇ ਜਾਣੇ
ਤੇਰੀ ਰਸਮ ਤੇ ਕਬਜ਼ਾ ਕੀਤੀਆਂ ਨੂੰ
ਤੇਰੀਆਂ ਰੀਜ ਹੀ ਮੈਨੂੰ ਦਸ ਪਾਵੇ
ਤੇਰੇ ਸ਼ਹਿਰ ਚ ਪੈਰ, ਮੇਰੇ ਧਰਦਿਆਂ ਨੂੰ
ਜਦ ਲਿਖਣ ਮੈਂ ਬੈਠਾ ਇਕ ਫ਼ਲਸਫ਼ਾ
ਵੱਗਦੇ ਅੱਖ ਚ ਮੇਰੇ, ਸੈਲਾਬ ਨੇ ਹੁੰਦੇ
ਕਹਾਣੀਆਂ ਤਾਂ ਓਹੀਓ ਹੁੰਦੀਆਂ
ਕਹਾਣੀਆਂ ਚ ਬਹੁਤੇ ਬਦਵਲਾਵ ਨੀ ਹੁੰਦੇ

**ਕਿਤਾਬ ਮੀਤ ਹਰਮਨ ਵਿੱਚੋਂ**

ਮਾਲਕ ਤੇਰੀ ਰਜ਼ਾ ਵਿੱਚ ਜਿਊਂਦੇ ਹਾਂ
ਤੇਰੀ ਰਹਿਮਤਾਂ ਸਦਾ ਹੱਸਦੇ ਗਾਉਂਦੇ ਹਾਂ
ਕੋਈ ਵੀ ਲਿਖਤ ਤੋਂ ਪਹਿਲਾਂ ਮਾਲਕਾਂ
ਤੇਰਾ ਨਾਅ ਧਿਆਉਂਦੇ ਹਾਂ
ਤੂੰਹੀਂ ਸਭਦਾ ਮੋਢੀ ਹੈ
ਸਾਡੇ ਚਲਦੇ ਰਾਹਾਂ ਦਾ ਰਾਹਗੀਰ ਵੀ ਤੂੰ
ਕਿੰਨਾ ਕੁਝ ਮੈਂ ਹੈ ਲਿਖਣਾ
ਮੇਰੀ ਚੁੱਪ ਵੀ ਤੂੰ,
ਮੇਰੇ ਸ਼ਬਦ ਵੀ ਤੂੰ
ਅਜੀਬ ਸਮਾਜ ਦੇ ਸੰਸਕਾਰ ਨੂੰ
ਮੈਂ ਲਿਖਤੀ ਇਕ ਕਹਾਣੀ ਵਿਚ ਢਲਣਾ ਹੈ
ਕਈ ਸਵਾਲ ਤੋਂ ਲੋਕ ਨੇ ਬਚਦੇ
ਮੈਂ ਜਵਾਬ ਹੀ ਸਾਹਮਣੇ ਰੱਖਣਾ ਹੈ
ਸਲੀਕਾ ਰਹਿਣ ਦਾ ਕੀ ਹੋਵੇ
ਬਸ ਨਾਮ ਤੇਰਾ ਮਾਲਕ ਲੈਣਾ ਹੀ ਹੋਵੇ
ਮੈਂ ਇੱਕਲਾ ਬੈਠਾ ਸੋਚਦਾ ਹਾਂ
ਮੈਂ ਤੇਰੀ ਹੀ ਉਸਤਤ ਕਰਦਾ ਹਾਂ
ਇਕ ਸ਼ਾਇਰ ਹੋ ਕੇ ਜਿਉਣਾ ਹੈ
ਇਕ ਫ਼ਕੀਰ ਦੀ ਮੌਤ ਹੋ ਮਰਨਾ ਹੈ
ਸਫ਼ੇ ਸੂਹੇ ਰੰਗੀ ਹੋਣ ਲੋਕਾਂ ਦੇ
ਮੈਂ ਤੇਰੇਆਂ ਦਿਨਾਂ ਵਿਚ ਰੰਗਣਾ ਹੈ
ਮਾਲਕ ਤੇਰੀ ਰਜ਼ਾ ਵਿਚ ਜਿਓਣੇ ਦਾ
ਮੈਂ ਇਕ ਫਲਸਫਾ ਪਿਆਰ ਦਾ ਵੰਡਣਾ ਹੈ



ਮੈਂ ਇਕ ਫਲਸਫਾ ਪਿਆਰ ਦਾ ਵੰਡਣਾ ਹੈ
ਮੈਂ ਇਕ ਫਲਸਫਾ ਪਿਆਰ ਦਾ ਵੰਡਣਾ ਹੈ…

**ਤੂੰ ਹੈਂ ਮੇਰੇ ਨਾਲ**

ਹਮੇਸ਼ਾ ਦੀ ਤਰ੍ਹਾਂ
ਮੈਨੂੰ ਉਡੀਕ ਤੇਰੀ
ਅੱਜ ਵੀ ਹੁੰਦੀ ਹੈ
ਪਰ ਪਹਿਲਾ ਫਰਜ਼ ਮੇਰਾ
ਰੋਕਣੇ ਆਪਣੇ ਕਦਮਾਂ ਨੂੰ
ਜਿੱਥੇ ਕੋਈ ਬੇਵੱਸ ਦਿਖਦਾ ਮੈਨੂੰ

ਜਿੱਥੇ ਕੋਈ ਰੋਟੀ ਦੀ
ਜਾ ਫੇਰ ਕਿਸੇ ਗਰੀਬ ਦੀ ਮੇਹਨਤ ਦੀ
ਬੇਕਦਰੀ ਕਰਦਾ
ਦਿਖਦਾ ਹੋਣਾ ਮੈਨੂੰ
ਜਿੱਥੇ ਚਲਦੇ ਰਾਹਾਂ ਚ ਮੇਰੇ
ਕੁੜੀਆ ਲਈ
ਗ਼ਲਤ ਸ਼ਬਦਾਬਲੀ ਬੋਲ ਹੁੰਦੀ ਹੋਣੀ
ਓਥੇ ਮੈਂ ਬੋਲਦਾ ਹਾਂ
ਕਿਉਂਕਿ ਓਥੇ ਮੈਨੂੰ
ਤੂੰ ਖੜੀ ਜ਼ਰੂਰ ਮਿਲੇਗੀ
ਮੇਰੇ ਤੇ ਕਰਦੀ ਨਾਜ਼।
ਹਮੇਸ਼ਾ ਦੀ ਤਰ੍ਹਾਂ

ਮੇਰੇ ਮੱਥੇ ਤੇ ਅਹਿਦ ਬਣ ਲਗੇਗੀ ਤੇਰੀ ਚੁੰਨੀ
ਅੱਖਾਂ ਮੀਚ ਬਣ ਸੁਪਨਾ
ਤੂੰ ਹੀ ਤਾਂ ਆਉਣਾ ਹੈ। ਹਰ ਵਾਰ ਦੀ ਤਰ੍ਹਾਂ



ਜ਼ਿੰਦਗੀ ਦੇ ਵਗਦੇ ਦਰਿਆ ਦੀ ਬਣ ਲਹਿਰ।
ਮੇਰੇ ਚ ਨਵੀਂ ਉਮੰਗ ਦਾ ਵਿਸਤਾਰ ਕਰਨ ਨੂੰ
ਤੇ ਰਾਤ ਭਰ ਮੇਰੇ ਤੋਂ ਸਵਾਲ ਕਰਨ ਨੂੰ
ਹਮੇਸ਼ਾ ਦੀ ਤਰ੍ਹਾਂ

ਪਰ ਮੈਂ ਭਰੋਸਾ ਦੇਂਦਾ ਹਾਂ ਤੈਨੂੰ
ਗੰਦੇ ਸ਼ਬਦਾਂ ਨਾਲ ਕਦੇ ਵੀ
ਆਪਣੇ ਸਮਾਜ ਦਾ ਪਿੰਡਾ ਨਹੀਂ ਲਬੇੜਿਆ ਮੈਂ
ਪਰ ਨਾ ਹੀ ਬੁਜ਼ਦਿਲਾਂ ਵਾਂਗ
ਮੂੰਹ ਤੇ ਮਜਬੂਰੀ ਦੀਆ
ਉਬਾਸੀਆਂ ਨਹੀਂ ਮਰੀਆਂ ਹੋਣੀਆਂ
ਮੇਰੇ ਹਰ ਇਕ ਸ਼ਬਦ ਦੇ ਅਰਥ
ਭੁੱਖੇ ਪੇਟ ਤਕ ਹੀ ਪਹੁੰਚੇ ਨੇ
ਤੇ ਤਖ਼ਤ ਦੇ ਪਾਂਵੇ ਹੇਠ ਦਬੇ ਕੁਚਲੇ ਲੋਕਾਂ ਦੀ
ਆਵਾਜ਼ ਹੀ ਬਣੇ ਨੇ
ਤਾਂ ਮੈਨੂੰ ਪਤਾ ਹੈ
ਤੂੰ ਕੋਲ ਖੜ ਮੇਰੇ
ਕਰਨਾ ਹੈ ਕਿਸੇ ਦਿਨ
ਨਾਜ ਮੇਰੇ ਤੇ
ਹਮੇਸ਼ਾ ਦੀ ਤਰ੍ਹਾਂ

ਤੇ ਵੇਖੀ ਓਸ ਦਿਨ
ਆਪਣੀ ਮਿਹਨਤ ਨਾਲ
ਖਿੜ ਉੱਠਣਗੇ ਲੋਕਾਂ ਦੇ

ਮੁੜ ਚੇਹਰੇ ਇਕ ਵਾਰ
ਖੂਨ ਚ ਖੁੱਭੀ ਕਲਮ ਦੇ ਅਲਫ਼ਾਜ਼

ਇਕ ਨਵਾਂ ਇਤਹਾਸ ਜ਼ਰੂਰ ਸਿਰਜਣਗੇ
ਤੇ ਓਸ ਰਾਤ ਮੈਂ ਨੂਰ ਚੋ ਨਿਕਲੀ ਰਾਖ
ਦੀ ਚੁਟਕੀ ਸਮਾਨ ਬਣ ਕੇ ਸੌਂ ਜਾਣਾ
ਤੈਨੂੰ ਵਾਪਿਸ ਮਿਲਣ ਲਈ
ਤੇਰੇ ਹਰ ਸਵਾਲ ਦਾ ਜਵਾਬ ਦੇਣ ਲਈ
ਮੁੜ ਇਕ ਵਾਰ
ਹਮੇਸ਼ਾ ਦੀ ਤਰ੍ਹਾਂ...



**ਗੱਲਾਂ ਅਧੂਰੀਆਂ ਤੋਂ ਪੂਰੀਆਂ**

ਕੁਝ ਪੰਨਿਆਂ ਗਲ ਅਧੂਰੀ ਰਹਿ ਗਈ
ਕੁਝ ਮੇਰੀ ਵੀ ਮਜਬੂਰੀ ਰਹਿ ਗਈ
ਅੱਖਾਂ ਪਾਣੀ ਨਾਲ ਭਰਦੀਆ
ਵੇਖਿਆ ਰਾਹਾਂ ਵਿੱਚ ਜਦ ਦੂਰੀ ਪੈ ਗਈ
ਹਿਜਰ ਫ਼ਿਰਾਕ ਦੀ ਅੱਖ ਦੇ ਅੰਦਰ
ਤੇਰੀ ਤਾਂਘ ਜ਼ਰੂਰੀ ਰਹਿ ਗਈ

ਹੁਣ
ਭਾਂਡੇ ਮਾਂਜਦੀ ਭੁੱਖੀ ਸੋਵੇ
ਘਰ ਓਹਦੀ ਵੀ ਨਿਆਣੀ ਰੋਵੇ
ਫੇਰ ਵੀ ਔਰਤ ਨੂੰ ਅੱਧਾ ਕਹਿੰਦੇ
ਓਹ ਤਾਂ ਯਾਰੋ ਪੂਰੀ ਹੁੰਦੀ

ਅੱਖਾਂ ਮੀਚ ਕੇ ਹਰ ਗੱਲ ਮੰਨਦੀ
ਕਾਰੋਬਾਰ ਨੀ ਓਹਦਾ, ਮਜ਼ਦੂਰੀ ਹੁੰਦੀ
ਘਰ ਪੜ੍ਹੇ ਲਿਖਿਆਂ ਚ ਅਪਮਾਨ ਜਦ ਹੋਵੇ
ਮੈਂ ਗੱਲ ਕਰਨੀ ਓਹਦੀ ਜ਼ਰੂਰੀ ਹੁੰਦੀ
ਮਾਪਦੰਡ ਓਹਦੀ ਬਰਾਬਰੀ ਦਾ ਨੀ ਬਣਨਾ
ਔਰਤ ਜਣਨੀ ਹੁੰਦੀ, ਤੇ ਪੂਰੀ ਹੁੰਦੀ

ਭਾਵੇਂ ਤੌਰ ਤਰੀਕੇ ਬਦਲਣ
ਸਾਲ ਮਹੀਨੇ ਰੁੱਤਾਂ ਬਦਲਣ
ਮੈਂ ਰਾਹਾਂ ਨੂੰ ਵਰਤਾਰੇ ਪੁੱਛਿਆ

ਮੋਹਰ ਲੱਗੀ ਕਾਗਜ਼ਾਂ ਤੇ ਰਹਿ ਗਈ
ਖਿਆਲ ਆਪਣੇ ਨੇ, ਵਿਚ ਤੁਕਬੰਦੀ
ਜਦ ਵੀ ਮੈਂ ਹਨ ਪੂਰੇ ਕਰਨੇ
ਇਬਾਦਤ ਮੇਰੀ ਮੈਨੂੰ ਹੀ ਪੂਰੇ
ਤੂੰ ਦਸ ਕਿਹੜੇ ਰਾਹੇ ਪੈ ਗਈ

ਕੁਝ ਪੰਨਿਆਂ ਗਲ ਅਧੂਰੀ ਰਹਿ ਗਈ
ਕੁਝ ਮੇਰੀ ਵੀ ਮਜਬੂਰੀ ਰਹਿ ਗਈ

ਹੁਣ
ਮਾਂ ਦੀ ਅੱਖ ਦੀ ਨੰਨੀ ਤਾਰੀ ਸੀ ਇੱਕ
ਸਮਝੋ ਓਹਨੂੰ ਬਿਚਾਰੀ ਸੀ ਇੱਕ
ਓਹਦੀ ਮਾਂ ਦਾ ਵੱਸ ਨਾ ਚੱਲਿਆ
ਵਿਚ ਕੁੱਖੋਂ ਮੁਕਾ ਜਦ ਛੱਡਿਆ
ਗਲਤੀ ਇੰਨੀ ਕੇ ਧੀ ਸੀ ਬਸ ਓਹ
ਤੇ ਮੁਕਾਉਣ ਵਾਲਾ ਸੀ ਓਹਦਾ ਪੀਓ
ਜੰਮਣ ਤੋਂ ਪਹਿਲਾਂ ਰੋਂਦੀ ਹੋਣੀ
ਖੌਰੇ ਕਿਹਦੇ ਲੇਖੇ ਧੋਂਦੀ ਹੋਣੀ
ਕੋਂਖਣ ਓਹਦੇ ਕੂੜੇ ਵੇਖਾਂ

ਸੀ ਖ਼ਵਾਬ ਓਹਦੇ ਅਧੂਰੇ ਵੇਖਾਂ
ਕਾਸ਼ ਕੇ ਓਹ ਵੀ ਜੀਅ ਓਹ ਪਾਉਂਦੀ
ਖ਼ਯਾਲ ਮੇਰੇ, ਓਹ ਅੱਗੇ ਵਧਕੇ ਦਿਖਾਉਂਦੀ
ਤਕਰੀਰਾਂ ਰੋਵਣ ਮਿੱਟੀ ਪਾਵਣ
ਇੱਕ ਖਵਹਿਸ਼ ਖ਼ੈਰ ਜੀਵਨ ਦੀ ਮੰਗੇ



ਮੈਨੂੰ ਜਾਉਂਦਿਆ
ਓਹ ਮੈਨੂੰ ਹੀ ਕੇਹ ਗਈ
ਹਿਜਰ ਫ਼ਿਰਾਕ ਦੀ ਅੱਖ ਦੇ ਅੰਦਰ

ਰੀਝ ਵੀ ਓਹਦੀ, ਅਧੂਰੀ ਰਹਿ ਗਈ
ਕੁਝ ਪੰਨਿਆਂ ਗਲ ਅਧੂਰੀ ਰਹਿ ਗਈ
ਤੇ ਮੇਰੀ ਵੀ ਮਜਬੂਰੀ ਰਹਿ ਗਈ

**ਨਵਾਂ ਸਵੇਰਾ**

ਹੰਕਾਰ ਹੁੰਦਾ ਤਾਂ ਹੜ ਗੇਆ ਹੁੰਦਾ
ਪਿਆਰ ਹੁੰਦਾ ਤਾਂ ਬੇਸ਼ੱਕ ਮੈਂ ਮਰ ਗਿਆ ਹੁੰਦਾ
ਇੱਕ ਰੌਸ਼ਨੀ ਮੈਨੂੰ ਸੁਪਨੇ ਵਿਚ
ਇੱਕੋ ਗੱਲ ਹੀ ਆਖਦੀ ਹੈ
ਜਦ ਵੀ ਕਿੱਧਰੇ ਡਿਗਦਾ ਹੁੰਦਾ
ਨਾਮ ਤੇਰਾ ਸਾਵੇਂ ਪੁਕਰਦੀ ਹੈ
ਮੈਂ ਵੀ ਓਹਦੇ ਚਾਨਣ ਦੇ ਵਿੱਚ
ਤੈਨੂੰ ਹੀ ਲੱਭ ਲੈਂਦਾ ਹਾਂ
ਹਿਤੇਸ਼ ਦੀ ਕਲਮ ਚੋਂ
ਜਜ਼ਬਾਤ ਹੀ ਨਿੱਕਲਣ
ਇਹੀ ਤਾਂ ਮੈਂ ਚਾਉਂਦਾ ਹਾਂ
ਸਮਝਣ ਵਾਲਿਆ ਮੈਨੂੰ ਕਾਇਰ
ਤੇ ਪਾਗ਼ਲ ਹੀ ਦੱਸਦੇ ਰਹਿਣ ਹੈ
ਤੇਰੇ ਆਖਰੀ ਬੋਲ, ਨੇ ਹਮੇਸ਼ਾ ਮੈਨੂੰ
ਇਕ ਇਨਸਾਨ ਵੱਡਾ ਬਣਨ ਨੂੰ ਕਹਿਣਾ ਹੈ
ਨਹੀਂ ਹੋਣੀ ਮੇਰੀ ਚੁਨਿੰਦਾ ਪਸੰਦ ਇਹ ਸ਼ਾਇਰੀ
ਮੈਨੂੰ ਤੇਰਾ ਪਰਛਾਵਾਂ ਚਾਹੀਦਾ ਹੈ

ਆਖਰੀ ਸਾਹ ਤਦ ਲੈਂਦੇਆ ਮੈਨੂੰ
ਤੇਰਾ ਇਸਕਬਾਲ ਹੋਣਾ ਚਾਹੀਦਾ ਹੈ
ਲੋਕਾਂ ਲਈ ਮੈਂ ਲਿਖਦਾ ਹੁੰਦਾ
ਜਿਵੇਂ ਤੂੰ ਸੀ ਹੋਣਾ ਲੋਚਦੀ ਮੈਨੂੰ
ਫ਼ਿਕਰ ਨਾ ਕਰ ਬੇਸ਼ੱਕ ਮੈਂ ਹਾਰਾ



ਲਹੂ ਮੇਰੇ ਦੇ ਮਘਦੀ ਕਿਰਨ ਨਾਲ
ਮੁਮਕਿਨ ਸਵੇਰਾ ਹੋਣਾ ਚਾਹੀਦਾ ਹੈ
ਮੁਮਕਿਨ ਸਵੇਰਾ ਹੋਣਾ ਚਾਹੀਦਾ ਹੈ…

**ਭਗਤ ਸਿੰਘ**

ਖਤਾ ਮੇਰੀ ਬੱਸ ਇੰਨੀ ਕੇ
ਕੇ ਮੈਂ ਬਿਨ ਕਹੇ ਅਸਮਾਨ ਵਲ ਵੇਖਦਾ ਹਾਂ
ਜੇਕਰ ਪਰਖਨੀ ਹੋਵੇ ਨੀਤ ਆਪਣੀ।
ਮੈਂ ਹੌਂਸਲੇ ਆਪਣੇ ਨੂੰ ਪਰਖਦਾ ਹਾਂ

ਅਜ਼ਾਦੀ ਸੌਖੀ ਨਹੀਂ ਸੀ ਆਉਣੀ
ਇਹ ਮੰਗਦੀ ਸੀ ਲਹੂ ਮੇਰੀ ਦੀ ਰੰਗਤ ਨੂੰ
ਤਾਹੀਂ ਅੱਜ ਮੈਂ ਭਗਤ ਸਿੰਘ
ਥੋਡੇ ਖੇਤਾਂ ਵਿੱਚ
ਪੌਣ ਬਣ ਲਹਿਰਾਉਂਦਾ ਹਾਂ
ਮਘਦਾ ਥੋਡੇ ਸੋਚ ਦੀ ਲੋਅ ਬਣ
ਤੇ ਸੂਰਜ ਵਾਂਗਰਾ ਰੁਸ਼ਨਾਉਂਦਾ ਹਾਂ

ਮੇਰੇ ਹੰਝੂ ਸੀ ਮੇਰੇ ਲੋਕਾਂ ਲਈ
ਮੈਂ ਇਕੋ ਭਾਰਤ ਦੀ ਗੱਲ ਹੀ ਕਰਦਾ ਸੀ
ਹਰ ਕੌਮ ਤੇ ਹਰ ਮਿਸਲ ਦਾ ਭਾਈਵਾਲ ਸੀ ਮੇਰਾ
ਜੋ ਅਨਾਏ ਖਿਲਾਫ ਕੁਝ ਕਰਨ ਦਾ ਜਿਗਰਾ ਰੱਖਦਾ ਸੀ
ਮੈਂ ਕਿਰਤ ਕਮਾਈ ਦੀ ਮਾਸੂਮੀਅਤ ਨੂੰ
ਅੱਜ ਵੀ ਪਰਿਭਾਸ਼ਿਤ ਕਰਦਾ ਹਾਂ
ਜੇਕਰ ਪਰਖਨੀ ਹੋਵੇ ਨੀਤ ਆਪਣੀ
ਮੈਂ ਹੌਂਸਲੇ ਆਪਣੇ ਨੂੰ ਪਰਖਦਾ ਹਾਂ

ਮੈਂ ਹਾਂ ਤੁਹਾਡੇ ਵਿੱਚ ਹੀ ਬੈਠਾ



ਆਪਣੇ ਆਸ ਪਾਸ ਵੱਲ ਤੱਕਦਾ ਹਾਂ
ਜਿੱਥੇ ਆਮ ਲੋਕ ਤਸੀਹੇ ਝੱਲਦੇ ਨੇ
ਉੱਥੇ ਆਵਾਜ਼ ਬੁਲੰਦ ਕਰ ਉੱਠ ਖੜਦਾ ਹਾਂ
ਵਿਕਾਸ ਦੇ ਮੱਥੇ ਤੋਂ ਨੁਚੜ੍ਹਨ ਪਸੀਨੇ ਨੂੰ
ਤੁਸੀ ਜ਼ਿੰਦਗੀ ਕਿਵੇਂ ਕਹਿੰਦੇ ਹੋ
ਗਰੀਬੀ ਲਾਚਾਰੀ ਅਗਿਆਨਤਾ ਦੀ ਕਤਲਗਾਹ ਨੂੰ
ਤੁਸੀਂ ਸਵਰਗ ਵੀ ਮੰਨੀ ਬੈਠੇ ਹੋ
ਕੁਰਸੀ ਪਿੱਛੇ ਇਹ ਲੜਦੇ ਨੇ

ਮੂੰਹ ਚੋ ਅੱਗ ਇਹ ਉੱਗਲਦੇ ਨੇ
ਮਕਸਦ ਪੂਰਾ ਹੋਣ ਮਗਰੋਂ
ਫੇਰ ਇੰਝ ਕਿਨਾਰਾ ਕਰਦੇ ਨੇ
ਮੈਂ ਇਕ ਰੋਟੀ ਪਾਉਣ ਖਾਤਿਰ ਲੋਕਾਂ ਨੂੰ
ਬੱਝੇ ਵਿਚ ਕਤਾਰ ਦੇ ਵੇਖਦਾ ਹਾ
ਜਿੱਥੇ ਅਮਨ ਸ਼ਾਂਤੀ ਦੀ ਸੀ ਮੰਗ ਮੇਰੀ
ਓਥੇ ਦੇਹਸ਼ਤ ਪਲਦੀ ਵੇਖਦਾ ਹਾਂ
ਫੇਰ ਵੀ ਮੈਂ ਹਾਂ ਭਗਤ ਸਿੰਘ
ਰੋਜ਼ ਤੁਹਾਡੇ ਲਈ ਲੜਦਾ ਹਾਂ
ਮੈ ਰੋਜ ਤੁਹਾਡੇ ਵਿੱਚ ਜਿਉਂਦਾ ਹਾਂ
ਮੈਂ ਰੋਜ ਤੁਹਾਡੇ ਲਈ ਮਾਰਦਾ ਹਾਂ
ਕਿਉਂਕਿ, ਖਤਾ ਮੇਰੀ ਬੱਸ ਇੰਨੀ ਕੇ
ਮੈਂ ਬਿਨ ਕਹੇ ਅਸਮਾਨ ਵਲ ਵੇਖਦਾ ਹਾਂ
ਜੇਕਰ ਪਰਖਣੀ ਹੋਵੇ ਨੀਤ ਆਪਣੀ
ਮੈਂ ਹੌਂਸਲੇ ਆਪਣੇ ਨੂੰ ਪਰਖਦਾ ਹਾਂ

**ਮਹਿੰਗੇ ਹਸਪਤਾਲ**

ਅੱਜ ਵੀ ਬਜ਼ਾਰੋਂ ਲੰਘਦੇ ਵੇਲੇ
ਮੇਰੀ ਨਜ਼ਰ ਹਰ ਓਸ ਕੋਨੇ ਤੇ ਪੈਂਦੀ ਹੈ
ਅਨਾਇ ਹੁੰਦੇ, ਕਲਮ ਜਰ ਨੀ ਸਕਦੀ
ਮੈਨੂੰ ਰੋਜ਼ ਲਿਖਣ ਨੂੰ ਕਹਿੰਦੀ ਹੈ

ਪੁੱਤ ਸ਼ਾਹੂਕਾਰ ਦਾ ਵੱਡੀ ਗੱਡੀ
ਗਰੀਬ ਸੁਤੇ ਪਿਆ ਤੇ ਪਿਆ ਚੜਾਉਂਦਾ ਹੈ
ਮੇਰੀ ਕਲਮ ਇਨਸਾਫ਼ ਨੂੰ ਜੋਰ ਹੈ ਪਾਉਂਦੀ ਹੈ
ਅਫ਼ਸਰੀ ਨੇਗੋਸ਼ੀਏਟ ਨੂੰ ਕਹਿੰਦੀ ਹੈ

ਇਲਾਜ ਨੂੰ ਬੇਬੱਸ ਓਹ ਪੁੱਤ ਮਾਂ ਦਾ
ਵੱਡੇ ਹਸਪਤਾਲ ਤੇ ਆਸ ਜਦ ਤੱਕਦਾ ਹੈ
ਸ਼ਾਯਦ ਓਹ ਮਜਬੂਰ ਬਚ ਸੀ ਸਕਦਾ
ਪਰ ਖਾਲੀ ਜੇਬ ਓਹਦੇ ਤੇ ਹੱਸਦੀ ਹੈ

ਇਲਾਜ ਤੋਂ ਪਹਿਲਾ ਸਵਾਸ ਨੀ ਗਿਣਦੇ
ਇੰਸੋਰਸ ਕਾਰਡ ਦੀ ਭਾਲ ਇਹ ਕਰਦੇ ਨੇ
ਸੱਟ ਮਾਮੂਲੀ ਤੇ ਬਿੱਲ ਲੱਖਾ ਦਾ
ਇਹ ਕਿਸ ਅਧਾਰ ਤੇ ਬਣਦੇ ਨੇ ?
ਤਾਂ ਮੈਨੂੰ ਅੱਜ ਹੋਟਲ ਸਸਤੇ
ਤੇ ਮਹਿੰਗੇ ਹਸਪਤਾਲ ਇਹ ਪਏ ਲੱਗਦੇ ਨੇ
ਹੰਝੂਆਂ ਦਾ ਇੱਥੇ ਮੁੱਲ ਨੀ ਪੈਂਦਾ



ਦਰਿਆ ਨੋਟਾਂ ਦੇ ਇਥੇ ਵੱਗਦੇ ਨੇ
ਸਰਕਾਰ ਕਹਿੰਦੀ ਹੈ ਕੇ ਸਰਕਾਰੀ ਇਲਾਜ ਹੈ ਸਸਤਾ
ਫੇਰ ਮੇਲੇ ਇਹਨਾਂ ਦੇ ਹੀ ਕਿਉਂ ਲੱਗਦੇ ਨੇ ?
ਮੈਂ ਤਾਂ ਬਸ ਇੰਨ੍ਹਾਂ ਜਾਣਦਾ।
ਸ਼ਾਯਦ ਇਹ ਮਜਬੂਰੀ ਦਾ
ਫਾਇਦਾ ਹੀ ਚੱਕਦੇ ਨੇ।
ਖ਼ੈਰ
ਰੂਹ ਮੇਰੀ ਹਰ ਗਰੀਬ ਨੂੰ ਵੇਖੇ
ਜੋ ਬੇਬੱਸ ਹੋਈ ਨਿੱਤ
ਸੜਕਾਂ ਤੇ ਮਰਦੀ ਢੇਂਡੀ ਹੈ
ਅਨਾਇ ਹੁੰਦੇ, ਕਲਮ ਜਰ ਨੀ ਸਕਦੀ
ਮੈਨੂੰ ਰੋਜ਼ ਲਿਖਣ ਨੂੰ ਕਹਿੰਦੀ ਹੈ...

## ਇਸ਼ਕ

ਦੁੱਖ ਤਾਂ ਦੁੱਖ ਹੀ ਹੁੰਦਾ
ਪਿਟਾਰੀ ਢਕਿਆ ਨਾਗ ਹੀ ਹੁੰਦਾ
ਇਲਮ ਇਸ਼ਕ ਦਾ ਹੋਣ ਦੇ ਬਾਝੋਂ
ਹੁੰਦਾ ਹਰ ਕੋਈ, ਬਰਬਾਦ ਹੀ ਹੁੰਦਾ
ਰਾਤ ਹਨੇਰੀ, ਤੁਰਿਓਂ ਇਸ਼ਕ ਦੇ ਰਾਹੇ
ਦਿਨ ਚਿੱਟਿਆਂ ਨੂੰ ਬਦਨਾਮ ਹੀ ਹੁੰਦਾ
ਪਰ ਹਰ ਜਲਾਹਤ ਸੀਨੇ ਲੁਕਾਈ
ਕਲਮ ਦਾ ਮਾਹਰ, ਫੌਲਾਦ ਵੀ ਹੁੰਦਾ
ਪਰ  ਦੁੱਖ ਤਾਂ ਦੁੱਖ ਹੀ ਹੁੰਦਾ...



## ਭਰੀਆਂ ਅੱਖਾਂ

ਅੱਖਾਂ ਇੰਝ ਨੀ ਭਰੀਆਂ ਹੋਈਆਂ
ਡੁੱਬਦੀਆਂ ਆਸਾਂ ਤਰੀਆਂ ਹੋਈਆਂ
ਤੂੰ ਅੱਧੀਆਂ ਵੀ ਸੁਣ ਨੀ ਸਕਦਾ।
ਮੈਂ ਜਿੰਨੀਆਂਵੀ ਨੇ ਜਰੀਆਂ ਹੋਈਆਂ
ਅੱਖਾਂ ਇੰਝ ਨੀ ਭਰੀਆਂ ਹੋਈਆਂ

ਪੜ੍ਹ ਲਿਖ ਚਰਚੇ ਮਜ਼ਬਾ ਦੇ ਕਰਨੇ
ਅਕਲਾਂ ਚੁਰਾਹੇ ਵੜੀਆਂ ਹੋਈਆਂ
ਸੋਚ ਸੋਝੀ ਧਰਮਾਂ ਦੇ ਮਸਲੇ
ਤਲਵਾਰਾਂ ਖ਼ੂਨ ਨਾਲ ਮੜ੍ਹੀਆਂ ਹੋਈਆਂ
ਨਿੱਤ ਵੇਖਾਂ ਕਤਲ ਮਾਸੂਮ ਦਾ ਹੋਵੇ
ਰੇਪ ਨਿੱਤ ਇਕ ਧੀ ਦਾ ਹੋਵੇ
ਕੰਧਾਂ ਘਰ ਦੀਆਂ ਡਰੀਆਂ ਹੋਈਆਂ
ਅੱਖਾਂ ਇੰਝ ਨੀ ਭਰੀਆਂ ਹੋਈਆਂ

ਮਿਹਨਤ ਦਾ ਇੱਥੇ ਮੁੱਲ ਨੀ ਪੈਂਦਾ
ਹਰ ਫ਼ਸਲੀ ਕਰਜ਼ਾ ਵਧਦਾ ਰਹਿੰਦਾ
ਪਰ ਰੈੱਡ ਵਾਇਨ ਦੀ ਚੁਸਕੀ ਲੈਂਦਾ
ਲਹੂ ਗਰੀਬ ਦੀ ਘੁੱਟ ਓਹ ਭਰਦਾ ਰਹਿੰਦਾ
ਅਮਨ ਚੈਨ ਦਾ ਰਾਖਾ ਨਹੀਓ
ਸੱਚ ਲਿਖਣੋਂ ਕਿਉ ਅਖਬਾਰਾਂ ਡਰੀਆਂ ਹੋਈਆਂ ?
ਬੇਰੰਗ ਤਸਵੀਰਾਂ ਫੜੀਆਂ ਹੋਈਆਂ

ਜਮੀਰਾਂ ਇੱਥੇ ਮਰੀਆਂ ਹੋਈਆਂ
ਮੇਰੀਆਂ ਅੱਖਾਂ ਇੰਞ ਨੀ ਭਰੀਆਂ ਹੋਈਆਂ...



**ਸਿਆਸਤ**

ਕਲੀਆਂ ਤ੍ਰਿੰਦੀਆਂ ਜਾ ਰਹੀਆਂ ਨੇ
ਫੁੱਲ ਮਧੋਏ ਜਾ ਰਹੇ ਨੇ
ਥੋੜਾ ਜਿਹੇ ਵੋਟ ਹਾਸਿਲ ਕਰਨ ਦੇ ਲਾਲਚ ਵਿੱਚ
ਨਫ਼ਰਤੀ ਤੇਜ਼ਾਬ ਡੋਲੇ ਜਾਂ ਰਹੇ ਨੇ
ਦੇਸ਼ਧ੍ਰੋਹ ਦੇ ਕਿੱਲ ਠੋਕ
ਅੱਤਵਾਦੀ ਦੇ ਲੇਬਲ ਗੱਡੇ ਜਾ ਰਹੇ ਨੇ
ਥੋੜਾ ਜਿਹੇ ਵੋਟ ਹਾਸਿਲ ਕਰਨ ਦੇ ਲਾਲਚ ਵਿੱਚ
ਗੂੰਗੇ ਬੋਲੇ ਤੇ ਸਿਆਹ ਜਿਹੇ ਪੈਂਡਿਆਂ ਉੱਤੇ
ਸੋਸ਼ਲ ਮੀਡੀਆ ਦਾ ਚਾਰਾ ਪਾ ਕੇ
ਸਾਡੇ ਲੋਕ ਵੀ ਤੋਰੇ ਜਾ ਰਹੇ ਨੇ
ਪਰ ਯਾਦ ਰੱਖਿਓ
ਪਿੰਡਾ ਲੂਸ ਲੈਣਗੇ ਤੇ
ਇਹ ਤੇਰੇ ਹੌਂਸਲਿਆਂ ਨੂੰ ਵੀ ਚੂਸ ਲੈਣਗੇ ਇਕ ਦਿਨ
ਥੋੜਾ ਜਿਹੇ ਵੋਟ ਹਾਸਿਲ ਕਰਨ ਦੇ ਲਾਲਚ ਵਿੱਚ

**ਮੈਨੂੰ ਸਮਝ ਨਾ ਆਇਆ**

ਕਦੇ ਜੋ ਸ਼ਬਦ ਛੱਡੇ ਸੀ
ਮੈਂ ਕਹਿ ਕਦੇ ਨਾ ਪਾਇਆ
ਅਧੂਰੇ ਛੱਡੇ ਖਿਆਲਾਂ ਨੂੰ
ਵੇਖ ਮੈਂ ਵਾਪਸ ਪਰਤ ਲਿਆਇਆ
ਕੋਰੇ ਪੰਨਿਆ ਤੇ ਸਹਿ ਬਣਕੇ
ਓਕਰੇ ਸੀ ਜਜ਼ਬਾਤ ਮੇਰੇ
ਵੇਖ ਓਹੀ ਜਮਾਨੇ ਦੀ ਮੈਂ
ਰੀਤ ਬਣਾ ਕੇ ਆਇਆ
ਜ਼ਿੰਦਗੀ ਮੇਰੀ ਹੈ ਸੰਘਰਸ਼
ਮੈਨੂੰ ਸਮਝ ਹੀ ਉਦੋਂ ਆਈ
ਹੋਰ ਦਰਿਆ ਦੇ ਸਾਹਮਣੇ ਸੀ
ਮੈ ਕੀਤਾ ਪਾਰ ਵਿਖਾਇਆ

ਓਹਨਾ ਦੀ ਸੁੱਟੀ ਰੋਟੀ ਤੇ
ਵਰਤਨਾ ਥੋਨੂੰ ਆਉਂਦਾ
ਓਹਦੀ ਫੋਕੀ ਚਾਹਾਂ ਨੂੰ ਤਾਂ
ਉਬਾਲ ਨਾ ਕਿੱਧਰੇ ਆਇਆ
ਕਰਜ਼ੇ ਹੇਠ ਕਿਸਾਨੀ ਜਾਂਦੀ
ਓਹਨੇ ਮਹਿੰਗਾ ਸੂਟ ਜਦ ਪਾਇਆ
ਹੜ੍ਹਾਂ ਦੀ ਭੇਂਟ ਚੜਿਓ ਜ਼ਿੰਦਗੀ
ਤੇ ਓਹ ਸੈਲਫੀ ਲੈਣ ਨੂੰ ਆਇਆ

ਲਾਲੀ ਖੋਹੀ  ਵਿਨਿਆ ਫੁੱਲ ਸੀ ਮਿਲਿਆ



ਜਦ ਵਰਕਾ 47 ਆਇਆ
ਬਹਿ ਕੇ ਮੁਨਸਿਫ਼ ਕੰਡੇ ਉੱਤੇ
ਕਾਣੀ ਵੰਡ ਓਹ ਕਰਦਾ ਆਇਆ।
ਕੀ ਫ਼ਯਾਦਾ ਰਹਿ ਗਿਆ ਪੜ੍ਹ ਲਿਖ ਕੇ ?
ਕਹਿੰਦਾ ਬੇਲੀ ਬਾਹਰੋ ਆਇਆ
ਤਕਰੀਰਾਂ ਇਥੇ ਕੰਧਾਂ ਨਾਲ।
ਗੱਭਰੂ ਟੀਕਾ ਦਿਸਦਾ ਲਾਇਆ
ਮੈਨੂੰ ਓਹਦੀ ਸਮਝ ਨੀ ਆਉਂਦੀ
ਓਹਨੇ ਕਿਹੜਾ ਪੰਜਾਬ ਬਣਾਇਆ
ਤਾਹੀਂ ਸ਼ਬਦ ਜੋ ਓਸ ਦਿਨ ਛੱਡੇ ਸੀ
ਮੈਂ ਕਹਿਣ ਨੂੰ ਅੱਜ ਹਾਂ ਆਇਆ

## ਪਿਆਰ ਦੀ ਪਰਿਭਾਸ਼ਾ

ਸੀ ਦਿਸੇ ਵਗਦਾ
ਦਰਿਆ ਇਕ ਅੱਗ ਦਾ
ਪਰ ਹੋ ਜਾਣਾ ਪਾਰ ਸੀ
ਫੁੱਲਾਂ ਵਾਂਗ ਮਹਿਕਦਾ
ਜੀ ਸੋਹਣਾ ਓਹਦਾ ਕਿਰਦਾਰ ਸੀ
ਓਹਦੇ ਇਕ ਬੋਲ ਉੱਤੇ
ਮੈਂ ਮਰਨ ਤੇ ਮਾਰਨ ਨੂੰ ਤਿਆਰ ਸੀ
ਭਾਬੜ ਇਸ਼ਕੇ ਦੀ ਲੱਗੀ ਧੁਰ
ਨੀ ਮੈਂ ਨਾ ਕੀਤਾ ਕੋਈ ਵਪਾਰ ਸੀ
ਤਾਂ ਮੇਰੀਆਂ ਸਧਰਾਂ ਜਦ ਵੀ ਬੋਲਦੀਆਂ
ਬਸ ਰਹਿਣਾ ਇਜ਼ਹਾਰ ਸੀ
ਓਹਦਾ ਮੰਨਣਾ ਹਰ ਇਕ ਕਹਿਣਾ
ਤੇ ਵੱਖ ਹੋ ਕੇ ਦੂਰ ਰਹਿਣਾ
ਸ਼ਾਇਦ ਆਹ ਵੀ ਇਕ ਪਿਆਰ ਸੀ
ਪਰ ਹੋਣਾ ਆਖਰੀ ਸਾਹ ਤੱਕ ਪਹੁੰਚਦੇ।
ਮੈਨੂੰ ਬਸ ਰਹਿਣਾ ਤੇਰਾ ਹੀ ਇੰਤਜ਼ਾਰ ਸੀ
ਦਰਿਆ ਇੱਕ ਅੱਗ ਦਾ
ਪਰ ਹੋ ਜਾਣਾ
ਇਹ ਵੀ ਪਾਰ ਸੀ
ਮੈਂ ਕੀਤਾ ਤੈਨੂੰ ਪਿਆਰ ਸੀ
ਮੈਂ ਕੀਤਾ ਤੈਨੂੰ ਪਿਆਰ ਸੀ



## ਰਾਤ ਵੇਖਦਿਆ ਹੈ ਗੁਜ਼ਰਦੀ

ਸੰਭਲਦੇ ਸਿਤਾਰਿਆ ਨੂੰ
ਰਾਤ ਵੇਖਦਿਆ ਹੈ ਗੁਜ਼ਰਦੀ
ਸੂਈ ਹੱਥ ਬੰਨ੍ਹੇ ਵਕਤ ਦੀ
ਕਦੇ ਕਿਸੇ ਕਹੇ, ਨਹੀਓ ਰੁਕਦੀ
ਗੱਲਾਂ ਤੇ ਸਵਾਲ ਹੋਣੇ ਮੇਰੇ
ਹਮੇਸ਼ਾ ਹੀ ਬਥੇਰੇ
ਗਲ ਜੀਭ ਉੱਤੇ ਆਉਂਦਿਆ
ਸ਼ਬਦ ਵਰਕਿਆ ਤੇ ਢਲਦਿਆ
ਕਰਮਾਂ ਦੀ ਗੇੜ
ਇਸ਼ਕੇ ਤੇ ਮੁੱਕਦੀ
ਆਸ਼ਿਕ ਕਹਾਉਂਦੇ
ਪਰ ਅੰਦਰੋ ਡਰਪੋਕ
ਹੋਵੇ ਇਖਲਾਕ ਦੀ ਫ਼ਿਕਰ
ਇਹ ਗੱਲ ਨਹੀਓ ਢੁਕਦੀ
ਕਿਉਂਕਿ ਸੰਭਲਦੇ ਸਿਤਾਰਿਆ ਨੂੰ
ਰਾਤ ਵੇਖਦਿਆ ਹੈ ਗੁਜ਼ਰਦੀ

**ਰੰਗਮੰਚ**

ਮੈਨੂੰ ਭੋਰਾ ਸਮਝ ਨੀ ਆਉਂਦੀ ਓਹਦੀ ਭਾਸ਼ਾ
ਹੱਸਣ ਖਾਤਰ ਵੇਖਾਂ ਰੰਗਮੰਚ ਪਰ ਦਿਸੇ ਨਿਰਾਸ਼ਾ

ਬੱਚੇ ਹੱਥ ਧਰ ਕੈਂਡੀ ਬਾਪ ਪੁੱਤ ਨੂੰ ਬੋਲ ਰਿਹਾ
ਵਕਤ ਦੇ ਭੋਲੇਪਣ ਵਿਚ ਆਪਣੀ ਜੇਬ ਟਟੋਲ ਰਿਹਾ
ਮੇਲੇ ਵਿਚ ਪਹੁੰਚ ਰੀਝਾਂ ਓਹਦੀਆਂ ਕਿੰਝ ਪੁਗਾ ਦੇਵੇ
ਆਪਣੇ ਖੀਸੇ ਲੁਕੋਏ, ਕੁਝ ਸਿੱਕੇ ਖੋਜ ਰਿਹੈ
ਗਰੀਬੀ ਦੇ ਮੁਰਝਾਏ ਚੇਹਰੇ ਬਣਦੇ ਨੇ ਜੱਗ ਤਮਾਸ਼ਾ
ਹੱਸਣ ਖਾਤਰ ਵੇਖਾਂ ਰੰਗਮੰਚ ਪਰ ਦਿਸੇ ਨਿਰਾਸ਼ਾ

ਬੜੇ ਚਾਅ ਨਾਲ ਇਕ ਸੱਜਰੀ ਪਹੁੰਚੀ ਓਸੇ ਦੇ ਮੇਲੇ
ਚਾਅ ਬੜੇ ਨੇ ਓਹਦੇ, ਪਰ ਸੱਜਣ ਜੰਗ ਦੇ ਵੇਹੜੇ
ਕੋਈ ਰੰਗ ਨੀ ਫੱਬਦਾ ਦਿਸੇ, ਅੱਜ ਓਹਦੇ ਜੇਰੇ
ਬੰਦੂਕਾਂ ਦੇ ਤਾਂ ਹੋਣ ਵਪਾਰ, ਸਿਆਸਤ ਪੂਰੀਆਂ ਵੇਲੇ
ਵੇਖਦਾ ਮੈਂ ਨਿੱਤ ਪਹੁੰਚਦੀਆਂ,
ਘਰ ਸਹੀਦ ਦੀਆ ਲਾਸ਼ਾਂ
ਹੱਸਣ ਖਾਤਰ ਵੇਖਾਂ ਰੰਗਮੰਚ ਪਰ ਦਿਸੇ ਨਿਰਾਸ਼ਾ
ਮੈਨੂੰ ਭੋਰਾ ਸਮਝ ਨੀ ਆਉਂਦੀ ਓਹਦੀ ਭਾਸ਼ਾ।

ਇਕ ਬੁੱਢੜੀ ਅੰਮੜੀ ਵੇਖੀ ਸੀ ਮੈਂ ਭੀਖ ਸੀ ਮੰਗਦੀ
ਨਿਆਣੇ ਨਾ ਸਤਿਕਾਰਦੇ, ਸੀ ਆਹਾਂ ਭਰਦੀ
ਲੀੜੇ ਓਹਦੇ ਪਾਟੇ
ਮੈਨੂੰ ਜ਼ਿੰਦਗੀ ਦਾ ਇਹ ਸਬਕ ਸਿਖਾਉਣ



ਮਰ ਜਾਣ ਏਹੋ ਜੇ ਜੰਮੇ,
ਜੋ ਜਾਇਦਾਦਾਂ ਦਾ ਜੱਸ ਜਾ ਗਾਵਣ
ਉਮਰੇ ਏਸ ਓਹਨੂੰ ਮਿਲਣੀ ਚਾਹੀਦੀ,
ਬਸ ਪਿਆਰ ਦੀ ਭਾਸ਼ਾ।
ਹੱਸਣ ਖਾਤਰ ਵੇਖਾਂ ਰੰਗਮੰਚ, ਪਰ ਦਿਸੇ ਨਿਰਾਸ਼ਾ।

ਇਕ ਨਿਕੜੀ ਜਿਹੀ ਜਿੰਦੜੀ ਰੱਸੀ ਤੇ ਤੁਰ ਵਿਖਾਵੇ
ਸਿੱਕਿਆ ਦੀ ਹੋਣੀ ਮਜਬੂਰੀ ਜਾਨ ਦਾਅ ਤੇ ਲਾਵੇ
ਥੋੜੇ ਲਈ ਤਾਂ ਕਲਾ,
ਓਹਨੇ ਮਗਰੋਂ ਹਾਸੇ ਆਪਣੇ ਗਮ ਕਈ ਲੁਕਾਏ
ਮੈਂ ਵੇਖਾਂ ਬਿਨ ਪੁਸਤਕ ਓਹ ਜ਼ਿੰਦਗੀ ਨੂੰ ਇੰਝ ਪੜ੍ਹਦੀ
ਜਾਏ
ਇਕ ਪਾਸੇ ਰਹਿਣਾ ਐ ਮਨੋਰੰਜਨ
ਤੇ ਓਹਦੀ ਮੌਤ ਦਾ ਹਾਸਾ
ਹੱਸਣ ਖਾਤਰ ਵੇਖਾਂ ਰੰਗਮੰਚ ਪਰ ਦਿਸੇ ਸਭ ਨਿਰਾਸ਼ਾ

**ਪੰਜਾਬ**

ਅੱਖਾਂ ਸਾਵੇਂ ਖਲੋਏ ਖ਼ਵਾਬ ਬਥੇਰੇ
ਖੜ੍ਹਾ ਸਾਹਮਣੇ ਪੰਜਾਬ ਹੈ ਮੇਰੇ
ਪਰਛਾਵੇਂ ਪੈਰੀਂ ਓਹਦੇ ਝਾਂਕਾ
ਸ਼ਬਦ ਲਾਲੀ ਰੰਗੇ ਇਤਿਹਾਸ ਉਕੇਰੇ
ਖੜ੍ਹਾ ਸਾਹਮਣੇ ਪੰਜਾਬ ਹੈ ਮੇਰੇ

ਲੋਕੋ ਗੁਰਬਾਣੀ ਭੁੱਲ ਕੇ।
ਕਹਾਣੀਆਂ ਤਖਤਾਂ ਵਾਲੀਆਂ
ਹੱਥ ਅਖ਼ਬਾਰੇ ਪੜ੍ਹੀਆਂ
ਭੀੜ ਸੜਕਾਂ ਤੇ ਲਾਸ਼ਾਂ ਖੜੀਆਂ
ਅਣਖਾਂ ਮੁੱਕੀਆਂ ਸਿਆਣਪਾਂ ਹਰੀਆਂ
ਵਿਕਣ ਨੂੰ ਇਥੇ ਜ਼ਮੀਨਾਂ ਤੱਕ ਵਿਕੀਆਂ
ਮੈਟ੍ਰਿਕ ਮਗਰੋਂ ਰਾਹਾਂ ਵਿਦੇਸ਼ ਨੂੰ ਤੁਰੀਆਂ
ਖ਼ੁਦਕੁਸ਼ੀ ਕਰਦੇ ਕਿਸਾਨ ਆਮ ਨੇ
ਬਸ ਇੱਥੇ ਦਰਦ ਸਹੇੜੇ
ਦਿਸਦਾ, ਖੜ੍ਹਾ ਸਾਹਮਣੇ ਪੰਜਾਬ ਹੈ ਮੇਰੇ

ਬਹੁਤਿਆ ਨੂੰ ਇਥੇ ਇਨਸਾਫ ਨੀ ਮਿਲਦਾ
ਸੁੰਨੀ ਕੁੱਖਾਂ ਨਸ਼ਾ ਆਮ ਜੋ ਵਿਕਦਾ
ਗੀਤਕਾਰ ਕਿੰਝ ਪੰਜਾਬ ਨੂੰ ਸੋਹਣਾ ਲਿਖਦਾ
ਮਾਰਦੇ ਇੱਥੇ ਕਲਮ ਸੱਚ ਦੀ।
ਮੂਸੇਵਾਲਿਆ ਜੋ ਗਾਉਂਦਾ ਲਿਖਦਾ



ਪਏ ਲਹੂ ਨਾਲ ਭਿੱਜੇ ਦਸਤਾਵੇਜ ਬਥੇਰੇ
ਖੜ੍ਹਾ ਸਾਹਮਣੇ ਪੰਜਾਬ ਹੈ ਮੇਰੇ...

**ਅੰਧਕਾਰ**

ਅਸਥਾਨ ਤੋਂ ਮਹਿਜ 10 ਗਜ ਦੂਰ
ਜਾ ਹਸਪਤਾਲ ਦੇ ਪੌੜੀਆ ਚੜਿਆ
ਜਾ ਕਿਸੇ ਕਿਸਾਨ ਮਜ਼ਦੂਰ ਦੀ
ਜੇਬ ਚ ਪਈ ਸਲਫਾਸ ਦੀ ਪੁੜੀ
ਜਾ ਬੇਰੋਜ਼ਗਾਰੀ ਦੀ ਅੱਗ ਚ ਝੁਲਸਦਾ ਨੌਜਵਾਨ
ਇੱਥੇ ਤੱਕ ਆ ਕੇ ਇਕ ਜ਼ਿੰਦਗੀ ਰਹੀ ਸੀ ਹਾਰ
ਟੁੱਟ ਜਾਂਦੀ ਪਈ ਸੀ ਸਾਹਾਂ ਦੀ ਤੰਦ
ਤੇ ਦਿਲ ਦੀ ਧੜਕਣ ਵੀ ਹੁੰਦੀ ਪਈ ਸੀ ਬੰਦ
ਇਹ ਹਾਲਾਤ ਕਿਸ ਵੱਲ ਕਰਦੇ ਨੇ ਇਸ਼ਾਰਾ
ਕਰੋ ਵਿਚਾਰ
ਕਯਾ ਓਸ ਘੜੀ ਪੱਥਰ ਦੇ ਬੁੱਤਾਂ ਤੇ
ਅੰਨ ਦਾ ਭੋਗ ਲਗਦਾ ਸਹੀ ਹੈ
ਭੱਜ ਜਾਂਦੇ ਵਾਪਰੀ ਦੇਸ਼ ਦੀ ਸੰਪਤੀ ਲੈ ਕੇ ਬਾਹਰ ਨੂੰ
ਕਯਾ ਕਿਸਾਨੀ ਓਹਨਾ ਵਾਪਰੀਆਂ ਹੱਥੀ
ਸੌਂਪ ਦੇਣੀ ਸਹੀ ਹੈ
ਲੀਡਰ ਹਰ ਘੜੀ ਮਚਾਉਂਦੇ, ਖੁੜਦਮ ਵਿਕਾਸ ਦੇਸ਼ ਦਾ
ਕਿੱਥੇ ਹੈ ਦਿਸਦਾ ਵਿਕਾਸ, ਕਯਾ ਵੋਟ ਪਾਉਣਾ ਸਹੀ ਹੈ
ਮੀਡੀਏ ਵਿਚ ਰੌਸ਼ਨੀ ਵਿਕਣੇ ਦਾ ਪਰਚਾਰ ਹੁੰਦਾ
ਮੋਢਿਆ ਤੇ ਇਹਨਾ ਤੇ ਝੂਠ ਫੈਲਾਉਣ ਦਾ ਹੀ ਭਾਰ
ਹੁੰਦਾ
ਪਰ ਆਪਾਂ ਕਿਉਂ ਭੁੱਲਣਾ
ਮੁੜ ਆਪਣੇ ਹੀ ਘਰਾਂ ਚ ਅੰਧਕਾਰ ਹੁੰਦਾ
ਮਿੱਟੀ ਦੀ ਕੁੱਖ ਨੂੰ ਲਾਜ ਨਾ ਲੱਗੇ



ਤਾਂ ਇਨਸਾਫ ਤੇ ਹੱਕ ਨੂੰ ਭਾਲਾ ਮੈਂ
ਤਾਂ ਬੇਤਰਤੀਬੀ ਸਮਾਜ ਦੀ ਬਣਤਰ ਨੂੰ
ਨਿਤ ਹੀ ਖੰਗਾਲਾਂ ਮੈਂ
ਤਾਂ ਜੋ ਇੱਥੇ ਤੱਕ ਪਹੁੰਚਾ ਕੇ
ਜ਼ਿੰਦਗੀ ਜਾਵੇ ਨਾ ਕਿਤੇ ਹਾਰ…

**ਬਾਹਰ ਨੂੰ ਤੁਰਿਆ**

ਮੇਰੇ ਪਿੰਡ ਦਾ ਹਾਣੀ, ਅੱਜ ਕਿਉਂ ਬਾਹਰ ਨੂੰ ਤੁਰਿਆ
ਲੱਭੇ ਨਾ ਏਥੇ ਨੌਕਰੀ, ਤਾਂ ਉਹ ਬਾਹਰ ਨੂੰ ਤੁਰਿਆ
ਧਾਹਾ ਮਾਰੇ ਅੰਮੜੀ, ਕਿਉਂ ਹੱਠ ਬਾਹਰ ਦਾ ਫੜਿਆ
ਮੇਰੇ ਪਿੰਡ ਦਾ ਹਾਣੀ, ਅੱਜ ਕਿਉਂ ਬਾਹਰ ਨੂੰ ਤੁਰਿਆ
ਦੇਸ਼ ਚ ਸੀ ਬੇਰੋਜ਼ਗਾਰੀ, ਤਾਂ ਓਹ ਬਾਹਰ ਨੂੰ ਤੁਰਿਆ

ਮੁੱਕਦੇ ਨੀ ਓ ਅੱਥਰੂ, ਅੱਜ ਭੈਣ ਮੇਰੀ ਦੇ
ਜੀ ਕਰਦਾ ਗਲ ਲਗ ਰੋ ਪਵਾ ਮੈ ਮਾਂ ਮੇਰੀ ਦੇ
ਆਸ ਦੀ ਤੰਦ ਇਕ ਛੇੜ ਦਿੰਦੀ, ਵਗ ਮੇਰੀ ਮਜਬੂਰੀ
ਦਿਸਦਾ ਨੀ ਬਾਪੂ ਖੜਿਆ
ਜੋ ਸੀ ਹਰ ਸਾਵੇ, ਮੇਰੇ ਨਾਲ ਸੀ ਤੁਰਿਆ
ਅੱਖਾਂ ਚ ਨੀਰ ਲੇ ਕੇ ਮੈਂ ਜਾਵਾਂ ਬਾਹਰ ਨੂੰ ਤੁਰਿਆ
ਮੇਰੇ ਪਿੰਡ ਦਾ ਹਾਣੀ, ਅੱਜ ਕਿਉਂ ਬਾਹਰ ਨੂੰ ਤੁਰਿਆ
ਦੇਸ਼ ਚ ਸੀ ਬੇਰੋਜ਼ਗਾਰੀ ਤਾਂ ਓਹ ਵਿਦੇਸ਼ ਨੂੰ ਤੁਰਿਆ

ਬਾਹਰ ਜਾਣਾ ਓਹਦਾ ਕੋਈ ਸ਼ੌਂਕ ਨਹੀਂ ਏ
ਰੋਟੀ ਇੱਥੇ ਮਿਲ ਜਾਵੇ ਇਹੀ ਬਹੁਤ ਹੈ
ਕੋਲ ਪਈ ਐ ਡਿਗਰੀ, ਪਰ ਕੋਈ ਮੁੱਲ ਨਹੀਂ ਹੈ
ਅਖੀਰ ਪੀੜ੍ਹੀ ਨਸ਼ੇ ਨਾੜਾ ’ਚ ਹੀ, ਧੂਹ ਰਹੀ ਹੈ
ਹੋਵੇ ਨਾ ਸੁਣਵਾਈ, ਬਾਬੂ ਨੇ ਸਿਫਾਰਿਸ਼ ਮੰਗਦੇ
ਝੂਠ ਦੀ ਪੰਡ ਲੀਡਰ ਉਂਝ ਗਲ ਵਿਕਾਸ ਦੀ ਕਰਦੇ
ਤੇ ਤੇਰੇ ਮੇਰੇ ਜਿਹੇ ਹੀ ਸੜਕਾਂ ਤੇ
ਝੰਡਾ ਬੇਰੋਜ਼ਗਾਰੀ ਦਾ ਫੜਦੇ



ਸਿੱਧੂ ਇਥੇ ਜੋ ਗੱਲ ਸੱਚੀਆ ਆਖਣ
ਓਹ ਸਰਕਾਰੀ ਤੰਤਰ ਦੀ ਭੇਂਟ ਹੀ ਚੜ੍ਹਦੇ ਨੇ

ਧਨ ਕਹਾਵੇ ਦੇਸ਼ ਦਾ
ਜੋ ਕਹਾਵੇ ਧਨ ਅਨਮੋਲ ਦੇਸ਼ ਦਾ
ਓਹ ਜਾਵੇ ਬਾਹਰ ਨੂੰ ਤੁਰਿਆ
ਮੇਰੇ ਪਿੰਡ ਦਾ ਹਾਣੀ ਅੱਜ ਕਿਉਂ ਬਾਹਰ ਨੂੰ ਤੁਰਿਆ
ਦੇਸ਼ ਚ ਸੀ ਬੇਰੋਜ਼ਗਾਰੀ ਤਾਂ ਓਹ ਬਾਹਰ ਨੂੰ ਤੁਰਿਆ

## ਰਾਤਾਂ ਇਕੱਲੀਆਂ

ਇੱਕਲਾ ਬੈਠਾ ਹਾਂ ਸੋਚਦਾ
ਇਕੱਲਿਆ ਗੁਜ਼ਰੀਆਂ ਰਾਤਾਂ ਬਾਰੇ
ਕਿੱਧਰੇ ਸੰਦੂਕ ਚ ਸੇਯੋਖ਼ ਖਾਂਦੇ

ਬੰਦ ਕਰਕੇ ਰੱਖੇ ਕਾਗਜ਼ਾਂ ਬਾਰੇ
ਸ਼ਾਇਦ ਵਕਤ ਵੀ ਕਿੱਧਰੇ ਪਿੱਛੇ ਮੁੜਦਾ
ਫੇਰ ਲੱਭਦਾ ਸ਼ਬਦ ਹਿਜਰਾਂ ਵਾਲੇ
ਫੇਰ ਲੱਭਦਾ ਕਿੱਧਰੇ ਜਗ੍ਹਾ ਨੂੰ ਓਹ ਵੀ
ਬੈਠੇ ਵਕਤ ਸੀ ਕੀਤੇ ਵਾਅਦੇ ਇਜਹਾਰ ਵਾਲੇ
ਰੁਲਦਾ ਖਾਵਾਂ ਧੱਕੇ ਮੈਂ ਤਾਂ
ਭੁੱਲਾਂ ਕਿਵੇਂ ਤੇਰੇ ਨੈਣ ਪਿਆਰੇ
ਲੋਕਾਂ ਮੇਰਾ ਮਖੌਲ ਹੀ ਕਰਨਾ
ਮੇਰੇ ਸ਼ਬਦ ਹੋ ਮੁੱਕਣ ਤੇਰੇ ਤੱਕ ਸਾਰੇ
ਤਾਂ ਇੱਕਲਾ ਬੈਠਾ ਹਾਂ ਸੋਚਦਾ
ਕੱਲ੍ਹ ਇਕੱਲੀ ਗੁਜਰੀ ਰਾਤ ਬਾਰੇ



## ਤਸਵੀਰ ਤੇਰੀ

ਰੁੱਸੇ ਹੋਏ ਤਕਦੀਰ ਦੇ ਹੱਥੋਂ
ਜ਼ਿੰਦਗੀ ਦੀ ਇਕ ਕਹਾਣੀ ਬਣੀ
ਮੇਰੇ ਮੂੰਹੋਂ ਸਦਾ ਵਡਿਆਈ ਰੱਬ ਦੀ
ਓਹਦੀ ਨਰਜ਼ ਮੈ ਨਗਮਾ ਖਾਤਿਰ ਸਿਆਹੀ ਲਈ
ਹਾਰੀਆਂ ਹੋਈ ਸਧਰਾਂ ਵਿੱਚੋ
ਮੈਂ ਜਾਵਾ ਤੁਰਦਾ ਸੁਫ਼ਨਿਆਂ ਦੇ ਸਿਵਿਆਂ ਵਿੱਚੋਂ
ਕੁਝ ਪਲ ਖੁਸ਼ੀ ਦੇ ਹੋਣ ਦੀ ਖਾਤਿਰ

ਮੈਂ ਸਾਰੀ ਉਮਰ ਦੀ ਦੁਖਿਆਈ ਲਈ
ਭਾਲਦਾ ਮੈਂ ਵੀ ਇਕ ਠਹਰਾਵ ਦਾ ਠੀਹਾ
ਤੱਕਦਾ ਲੋਅ ਨੂੰ ਇਕ ਬੁਝਦਾ ਦੀਵਾ
ਜ਼ਖ਼ਮ ਮੇਰੇ ਤਾਂ ਅੱਜ ਵੀ ਮਹਂਕਣ।
ਜਦ ਤੱਕਦਾ ਤਸਵੀਰ ਸਾਹਮਣੇ ਪਈ

## ਵਾਪਸੀ ਮੇਰੀ

ਮੈਂ ਚਾਹੁੰਦਾ ਹਾਂ ਵਾਪਿਸ ਅਉਣਾ
ਵੇਖਿਆ ਮੈਂ ਇਕ ਨੂਰੀ ਚਿਹਰਾ
ਕਮੀਆਂ ਦੇ ਅਣਭੋਲ ਜਿਹੇ ਕਿੱਸੇ
ਆਰਥਿਕਤਾ ਦਾ ਗੁੰਮ ਹੋ ਜਾਣਾ
ਕਿਸੇ ਗਰੀਬ ਦਾ ਭੁੱਖੇ ਪੇਟ ਸੌਂ ਜਾਣਾ
ਤੇ ਕਈਆਂ ਦਾ ਗੁਲਾਮ ਹੋ ਜਾਣਾ
ਅਖ਼ਬਾਰ ਦੀ ਸੁਰਖੀ ਸੱਚ ਨਾ ਦੱਸਦੀ
ਹਿਮਾਇਤ ਲੀਡਰ ਦੀ ਤੇ
ਤੰਜ ਜਮੂਹਰੀਅਤ ਤੇ ਕੱਸਦੀ
ਸਮਾਰਟ ਸਿਟੀ ਦੇ ਵਾਅਦੇ ਕਿੱਥੇ
ਮੰਦਰਾਂ ਦੇ ਨੇ ਪਰਸ਼ਾਦ ਵੀ ਵਿਕਦੇ
ਪਰ ਲੋਕਾਂ ਨੇ ਤਾਂ ਆਹ ਵੀ ਭੁੱਲ ਜਾਣਾ
ਨਵਾਂ ਕਯਾ ਹੈ, ਫੇਰ ਦੋਹਰਾਉਣਾ
ਮੈਂ ਚਾਹੁੰਦਾ ਹਾਂ ਵਾਪਿਸ ਅਉਣਾ...



## ਸੱਚਾ ਇਸ਼ਕ

ਐਤਬਾਰ ਵੀ ਹੁੰਦਾ
ਪਿਆਰ ਵੀ ਹੁੰਦਾ
ਜਿੱਥੇ ਇੱਕ ਦੂਸਰੇ ਦਾ
ਸਤਿਕਾਰ ਵੀ ਹੁੰਦਾ
ਮੁਹੱਬਤ ਇਸ਼ਕ ਇਕਤਰਫਾ
ਸਿਰਫ ਦਰਦ ਹੈ ਦੇਂਦੀ
ਇਕਰਾਰ ਨਾ ਦੇਂਦੀ
ਜਿਊਣ ਨਾ ਦੇਂਦੀ
ਮਾਰ ਵੀ ਦੇਂਦੀ
ਇਕ ਉਮਰਭਰ ਦਾ ਇੰਤਜ਼ਾਰ ਵੀ ਦੇਂਦੀ
ਫੇਰ ਵੀ ਓਹਦੇ ਲਈ ਲਿਖਤੀ ਕਾਗਜ਼ ਨੂੰ
ਤੇ ਮੇਰੇ ਲਿਖੇ ਅਣਗਿਣਤ ਲਿਖਤਾਂ ਨੂੰ
ਮੁਹੱਬਤ ਸਤਿਕਾਰ ਹੈ ਦੇਂਦੀ
ਪਿਆਰ ਵੀ ਦੇਂਦੀ
ਸਮਾਂ ਲੰਘਦਾ
ਤੇ ਨਿੱਤ ਇਕ ਸੂਰਜ ਮਘਦਾ
ਤਾਂ ਐਤਬਾਰ ਹੈ ਹੁੰਦਾ
ਤੇ ਮੈਨੂੰ ਪਿਆਰ ਵੀ ਹੁੰਦਾ...

## ਮੈਂ ਚਾਹੁੰਦਾ ਬੁੱਤ ਜਗਾਉਣਾ

ਥੋੜਾ ਠਹਿਰ ਜਾ ਐ ਜ਼ਿੰਦਗੀ
ਪਹਿਲਾਂ ਬਣ ਲੈਣ ਦੇ ਮੇਰਾ ਅਸਿਆਨਾਂ
ਦੀਵੇ ਬੁਝਾ ਲੈਣ ਦੇ ਪਹਿਲਾਂ
ਨਹੀਂ ਸਵੇਰ ਨੇ ਹੈ ਆ ਜਾਣਾ
ਕੋਈ ਗੁਜਰੇ ਨਾ ਸਾਡੇ ਕੋਲੋ
ਅਸੀ ਸਭ ਗਵਾ ਕੇ ਬੈਠ ਜਾਣਾ
ਪਰਖ ਲੈਣ ਦੇ ਮੈਨੂੰ ਇਸ਼ਕ ਨੂੰ।
ਓਹਨੇ ਹੈ ਆ ਕੇ ਮੈਨੂੰ ਅਜਮਾਉਣਾ

ਭਰ ਲੈਣ ਦੇ ਕੁਝ ਸੈਲਾਬ ਹੰਝੂਆ ਦੇ
ਹੈ ਸਿੱਖਣਾ ਕਲਮ ਨੂੰ ਨੱਥ ਪਾਉਣ
ਹੱਸਦੇ ਦੂਜਿਆ ਦਾ ਘਰ ਜਲਾ ਕੇ
ਮੈਂ ਚਿਹਰਿਓ ਨਕਾਬ ਹਟਾਉਣਾ
ਬੇਆਬਰੂ ਨਾ ਕੋਈ ਧੀ ਹੋਵੇ
ਮੈਂ ਦਾਮਨ ਓਹਦਾ ਬਚਾਉਣਾ
ਇਥੇ ਮੂਰਤੀ ਨੂੰ ਰੱਬ ਮੰਨਦੇ
ਮੈਂ ਦਿਲ ਚ ਰਾਮ ਸਮਾਉਣਾ
ਆਲਮ ਸਿੱਖਿਆ ਜ਼ੁਲਮ ਕਰਨਾ
ਮੈਂ ਹਰ ਮਜ਼ਲੂਮ ਦਾ ਹੱਥ ਵਟਾਉਣਾ
ਦੇ ਆਤਿਸ਼ ਥੋੜੀ ਭਰ ਕੇ
ਮੈਂ ਚਾਹੁੰਦਾ ਬੁਤ ਜਗਾਉਣਾ



ਇਕ ਸਫ਼ਰ ਬਲੋਰ ਤੋਂ ਲਾਹੌਰ ਦਾ
ਮੈਂ ਚਾਹੁੰਦਾ ਮੁੜ ਦੋਹਰਾਉਣਾ
ਚੀਕਾਂ ਹਾਲੇ ਵੀ ਕੰਨ ਭੰਨਦੀਆਂ
ਹਾਲੇ ਮੈਂ ਵਰਕਾ, ਓਹ ਵੀ ਲਿਖ ਕੇ ਜਾਣਾ
ਮਿੱਤਰ ਵੱਸਦੇ ਚੰਗੇ ਵਿਦੇਸ਼ ਵਿੱਚ।
ਪਰ ਮੈਂ ਵਸਨੀਕ ਇੱਥੇ ਦਾ ਕਹਾਉਣਾ
ਹੋਣਗੇ ਮੇਰੇ ਲਿਖਣ ਕਈ ਸਿਰਨਾਵੇਂ
ਸਫ਼ਰ ਓਹਦੇ ਤੱਕ ਮਰ ਮੁਕਾਉਣਾ

ਤਾਂ ਥੋੜਾ ਠਹਿਰ ਜਾ ਐ ਜ਼ਿੰਦਗੀ
ਪਹਿਲਾਂ ਬਣ ਲੈਣ ਦੇ ਮੇਰਾ ਅਸਿਆਨਾਂ…

## ਨੀਯਤੀ

ਜ਼ਿੰਦਗੀ ਦੀ ਚਾਹ ਹੇਠ
ਧੁੱਪ ਕਦੇ ਛਾਂ ਹੇਠ
ਅੱਖਾਂ ਨੂੰ ਭਿਗੋਈਦਾ
ਸਫ਼ਰ ਮੁੱਕ ਜਾਣਾ ਇੱਦਾਂ
ਸਾਹ ਰੁਕ ਜਾਣਾ ਇੱਦਾਂ...



## ਮਾਪੇ ਰੱਬ ਨੇ

ਦੀਵਾ ਰੌਸ਼ਨ ਕਰਨਾ ਸੌਖਾ
ਪਰ ਮਨ ਨੂੰ ਰੌਸ਼ਨ ਕਰਨਾ ਔਖਾ
ਜੈ ਸ੍ਰੀ ਰਾਮ ਕਹਿਣਾ ਸੌਖਾ
ਪਰ ਰਾਮ ਬਣਕੇ ਰਹਿਣਾ ਔਖਾ
ਬਣਾਉਣੇ-ਭੰਨਣੇ ਮੰਦਿਰ ਸੌਖੇ
ਪਰ ਮੰਨ ਦੇ ਮੰਦਿਰ ਬਹਿਣਾ ਔਖਾ
ਮਾਲਾ ਮਣਕੇ ਗਿਣਨੇ ਸੌਖੇ
ਪਰ ਅੰਤਰਧਿਆਨ ਹੋਣਾ ਔਖਾ
ਮੂਰਤੀ ਪੂਜਨੀ ਸੌਖੀ ਵੀਰੇ
ਪਰ ਸੱਚੀਉਂ, ਮਾਪਿਆ ਨਾਲ ਤਾਂ ਰਹਿਣਾ ਔਖਾ

ਦਾਨ ਗੋਲਕ ਚ ਦੇਣਾ ਸੌਖਾ
ਪਰ ਪੈਸਾ ਇਥੇ ਕਮਾਉਣਾ ਔਖਾ
ਰੋਜ਼ ਹੀ ਚੌਂਕਾ ਡੇਰੇ ਲਾਉਣਾ ਸੌਖਾ
ਪਰ ਬੱਚਿਆ ਲਾਜ਼ਮੀ ਪੜ੍ਹਾਉਣਾ ਔਖਾ
ਭਗਵਾ ਚੋਗਾ ਪਾਉਣਾ ਸੌਖਾ
ਪਰ ਮਰਿਆਦਾ ਵਿਚ ਰਹਿਣਾ ਔਖਾ
ਅਣਜਾਣ ਅਸੀਂ ਹਾਂ ਸਿਆਸਤ ਤੋ ਕਹਿਣਾ ਸੌਖਾ
ਪਰ ਬਚਕੇ ਇਹਨਾਂ ਤੋ ਰਹਿਣਾ ਔਖਾ...

## ਮੇਰਾ ਰੋਸਾ ਕਾਫੀ ਆ

ਜੱਗ ਦੀਆਂ ਕੂੜ ਰਿਵਾਇਤਾਂ ਨਾਲੋਂ
ਵੇਖਨ ਗੋਡੇ ਤੱਕ ਪਸਰੀ ਚਾਦਰ ਨਾਲੋਂ
ਪਾਬੰਦੀਆਂ ਏਕੇ ਤੇ ਲੱਗਣ ਨਾਲੋਂ
ਤਾਂ ਲਿਖਣਾ ਬਗ਼ਾਵਤ ਸਿਫਆ ਤੇ
ਮੇਰਾ ਰੋਸਾ ਕਾਫੀ ਆ

ਨਸ਼ਿਆ ਨੂੰ ਠੱਲ ਪੈਣ ਨੀ ਦਿਸਦੀ
ਜ਼ਮੀਨ ਵੀ ਘਰ ਦੀ ਜਾਂਦੀ ਖਿੱਸਦੀ
ਪੈਂਦੀ ਵੈਣ ਦੀ ਧਾਰ, ਹਰ ਘਰ ਜਾਵੇ ਰਿਸਦੀ
ਤਾਂ ਘੜਨੀ ਤਸਵੀਰ ਸਾਹ ਰੁਕਿਆ ਦੀ
ਮੇਰਾ ਰੋਸਾ ਕਾਫੀ ਆ

ਇਕ ਸੁਫ਼ਨਾ ਅੱਗਾਂ ਮੱਚੀਆ ਦਾ
ਦਰਦ ਕੁੱਖਾਂ ਮਰਦੀਆਂ ਧੀਆਂ ਦਾ
ਤਿਉਹਾਰ ਦਾਜ ਲਈ ਸੜਦੀਆਂ ਤੀਆਂ ਦਾ
ਤਾਂ ਹੰਝੂ ਦਰਦ ਲੁਕੋਣ ਨੀ ਦੇਂਦਾ
ਮੇਰਾ ਰੋਸਾ ਕਾਫੀ ਆ...



## ਅਰਮਾਨ ਜਾਗਣ

ਰਾਤ ਦੇ ਘੁੱਪ ਹਨੇਰੇ ਵਿੱਚ
ਨਵੀਂ ਸੋਚ ਦੇ ਤਾਰੇ ਜਾਗਣ
ਵਿੱਚ ਖ਼ਿਜਾਂ ਇਹ ਸੁੱਤੇ ਰਹਿੰਦੇ
ਰੁੱਤ ਬਹਾਰੇ ਜਾਗਣ

ਅਸਾਂ ਤੇ ਜਦ ਵੀ ਤੱਕਿਆ ਸੱਜਣਾ
ਛਾਇਆ ਪਿਆ ਐ ਗੂੜ੍ਹ ਹਨੇਰਾ
ਖ਼ਵਰੇ ਕਿਹੜੀ ਸਵੇਰ ਦੀ ਖ਼ਾਤਰ
ਸਾਡੇ ਨੈਣ ਵਿਚਾਰੇ ਜਾਗਣ

ਬਾਲਣ ਸੀਵੇ ਦੀਆ ਅੱਗਾ
ਜਦ ਦੀਆਂ ਲੱਗੀਆਂ
ਮੇਰੇ ਸ਼ਹਿਰ ਦੇ ਅੰਦਰ
ਮਹਿਫਲਾ ਵਾਲੇ ਘੂਕ ਨੇ ਸੁੱਤੇ
ਪਰ ਕੱਚੇ ਢਾਰੇ ਹਲੀਮੀ ਦਿਲ ਦੇ
ਜਜ਼ਬਿਆਂ ਵਾਲੇ ਜਾਗਣ

ਤੈਨੂੰ ਦਿਲੋਂ ਵਿਸਾਰ ਨੀ ਹੋਯਾ ਸਿੱਧੂ
ਹਾਲੇ ਤੋੜੀ ਸਾਡੇ ਜਜ਼ਬਾਤ ਗੂੜ੍ਹੇ ਨੇ
ਤੇਰੀਆ ਯਾਦਾਂ ਗੀਤਾ ਦੇ ਵਿੱਚ
ਬੋਲ ਨਿਆਰੇ ਜਾਗਣ...

**ਜੇਕਰ ਰੋਕ ਹੋਵੇ ਤਾਂ ਰੋਕ**

ਸੱਭਿਆਚਾਰ ਹੋਇਆ ਅਲੋਪ ਵੀਰੋ
ਸਤਿਕਾਰ ਵੀ ਹੋਇਆ ਅਲੋਪ
ਹੱਥ ਬੰਨ੍ਹ ਕੇ ਬੇਨਤੀ ਸਾਰਿਆ ਨੂੰ
ਜੇਕਰ ਰੋਕ ਹੋਵੇ ਤਾਂ ਰੋਕ

ਲੱਭਦੀ ਹੁਣ ਨਹੀਂ ਸਾਂਝ ਪੁਰਾਣੀ
ਯੂਥ ਨੇ ਫੋਕੇ ਫੈਸ਼ਨ ਪਾਲੇ
ਫੁਲਕਾਰੀ ਸਿਰ ਤੋਂ ਜਾਵੇ ਗੁਆਚੀ
ਪੰਜਾਬੀ ਗੱਭਰੂ ਨਸ਼ਿਆਂ ਨੇ ਗਾਲੇ
ਬੇਰੋਜ਼ਗਾਰੀ ਜਦ ਘਰ ਨੂੰ ਵੱਡੇ
ਕਾਬਿਲ ਯੂਥ ਵਿਦੇਸ਼ ਨੂੰ ਭੱਜੇ
ਲੀਡਰ ਚੰਗੇ (ਅੱਛੇ) ਦਿਨਾਂ ਦਾ ਲਾਰਾ ਲਾ ਕੇ
ਅੱਖਾਂ 'ਚ ਮਿੱਟੀ ਦੇਵਣ ਝੋਕ
ਜੇਕਰ ਰੋਕ ਹੋਵੇ ਤਾਂ ਰੋਕ

ਚਿੱਟੇ ਦਿਨ ਦਹਿਸ਼ਤ ਦੇ ਗੱਜਣ
ਵਿਚ ਸ਼ਮਸ਼ਾਨਾਂ, ਸਿਵਿਆ ਦੀਆ ਲਾਟਾਂ ਮੱਚਣ
ਇਨਸਾਫ ਨੂੰ ਕੋਈ ਨਾ ਅੱਗੇ ਆਵੇ
ਕਲਮਾਂ ਵਾਲੇ ਲਿਖ-ਲਿਖ ਦੱਸਣ

ਰੂਹ ਪੰਜਾਬ ਦੀ ਉਹ ਨਾ ਰਹਿਗੀ
ਸ਼ਾਣ ਸਿਦਕ ਦੀ ਪੈਗੀ ਮੱਧਮ
ਚੁੱਪ ਰਹੋ ਤਾਂ ਬਖਸ਼ੇ ਜਾਣਾ



ਲਹੂ ਲੁਹਾਣ ਜੇ ਬੋਲ ਹੱਕ ਲਈ ਕੱਢਣ
ਲੋਕਾਂ ਦੀ ਮੱਤ ਗਈ ਹੈ ਮਾਰੀ
ਅੱਜ ਸੱਚ ਨੂੰ ਲੋਕੀ ਮਾਰਨ ਢੋਕ
ਜੇਕਰ ਰੋਕ ਹੋਵੇ ਤਾਂ ਰੋਕ...

## ਰੁਖ਼ਸਤੀ

ਤਾਂ ਮੈਂ ਚਾਹੁੰਦੇ ਹੋਣਾ, ਇਸ ਸ਼ਹਿਰ ਤੋਂ ਰੁਖ਼ਸਤ ਹੋਣਾ
ਜਿੱਥੇ ਲੋਕ ਸੱਭਿਆਚਾਰ ਨੂੰ ਭੁੱਲਦੇ।
ਜਿੱਥੇ ਅਖ਼ਬਾਰ ਚੰਦ ਸਿੱਕਿਆ ਤੇ ਡੁੱਲਦੇ
ਜਿੱਥੇ ਲੋਕਾਂ ਦੇ ਅਰਮਾਨ ਨੇ ਰੁਲਦੇ
ਓਥੇ ਇਕਦੀਨ ਇਨਸਾਨੀਅਤ ਨੇ ਗੁੰਮ ਹੋਣਾ
ਤਾਂ ਮੈਂ ਚਾਹੁੰਦੇ ਹੋਣਾ, ਇਸ ਸ਼ਹਿਰ ਤੋਂ ਰੁਖ਼ਸਤ ਹੋਣਾ

ਜਿੱਥੇ ਹੁਨਰ ਦੀ ਕੀਮਤ ਡਿਗਰੀ ਤੇ ਰੁਕਦੀ
ਜਿੱਥੇ ਹਰ ਗਲੀਆਂ ਨਜ਼ਰਾਂ, ਆਬਰੂ ਤੇ ਟਿਕਦੀ
ਜਿੱਥੇ ਫਸਲ ਮੰਡੀ ਚ ਕੌਡੀਆਂ ਦੇ ਭਾਅ ਵਿਕਦੀ
ਓਥੇ ਇਕਦਿਨ ਜਮੂਹਰੀਅਤ,
ਫਾਹਾ ਗਲ ਨਾਲ ਲਾਉਣਾ ।
ਤਾਂ ਮੈਂ ਚਾਹੁੰਦੇ ਹੋਣਾ, ਇਸ ਸ਼ਹਿਰ ਤੋਂ ਰੁਖ਼ਸਤ ਹੋਣਾ...



## ਕਿਸਾਨ ਮਜ਼ਦੂਰ ਏਕਤਾ

ਅਸੀਂ ਬੈਠੇ
ਹਾਂ ਅੱਜ ਫੇਰ ਬਰੂਹਾਂ ਤੇ
ਤੇ ਸਾਡੇ ਕਈ ਸਵਾਲ ਨੇ
ਸਾਡੇ ਹੱਥ ਕੀਰਤੀ ਕਾਮਿਆਂ ਮਿੱਟੀ ਦੇ
ਕਿਉਂ ਤੇਰੇ ਹੱਥ ਹਥਿਆਰ ਨੇ ?
ਮੰਗਦੇ MSP ਤੇ ਯਕੀਨੀ ਗਾਰੰਟੀ ਨੂੰ
ਸਾਡੀ ਹੋਰ ਨਾ ਕੋਈ ਮੰਗ ਹੈ
ਪਰ ਤੇਰੀ ਸਿਰਤ ਚ ਖੋਟ ਦਿਸਦੀ
ਤਾਂ ਨਿੱਤ ਬਦਲਦੇ ਤੇਰੇ ਰੰਗ ਐ
ਪਰ ਅਸਾਂ ਸੂਰਜਾਂ ਕਾਲਖ ਧੋ ਦੇਣੀ
ਤਖ਼ਤਾਂ ਨੂੰ ਕੰਬਣੀ ਛੋਹ ਦੇਣੀ
ਅਸਾਂ ਆਪਣੇ ਹੱਕ ਮੰਗਣ ਆਏ ਹਾਂ
ਸਾਡਾ ਹੋਰ ਨਾ ਕੋਈ ਖੁਆਰ ਨੇ
ਦਿੱਲੀਏ...
ਅਸੀਂ ਬੈਠੇ ਹਾਂ ਅੱਜ ਫੇਰ ਬਰੂਹਾਂ ਤੇ
ਤੇ ਸਾਡੇ ਕਈ ਸਵਾਲ ਨੇ...

**ਜ਼ਫ਼ਰ ਤਿੰਨ**

(ਮੇਰੀ ਪਿਛਲੀ ਕਿਤਾਬ ਦਾ ਅਗਲਾ ਕਾਵਿ)

ਜ਼ਫ਼ਰ ਦੇ ਰੋਣ ਦੀ ਇਕ ਵਜ੍ਹਾ ਆਹ ਵੀ ਸੀ
ਓਹ ਹਾਰਿਆ ਸੀ ਕਦੇ
ਪਰ ਓਹਨੇ ਹਾਰਨਾ ਕਦੇ ਵੀ ਚਾਹਿਆ ਨੀ ਸੀ
ਜ਼ਫ਼ਰ ਦੇ ਨਸੀਬ ਨਾਲ ਕੋਈ ਵਾਕਫੀ
ਕਰੇ ਤਾਂ ਕਿੰਝ ਕਰੇ
ਉਹਨੇ ਤਾਂ ਬਸ ਨੀਰ ਹੀ ਵਹਾਹੇ ਹੋਣੇ
ਪਰ ਬੁਰਾ ਕਿਸੇ ਦਾ
ਕਦੇ ਵੀ ਚਾਹਿਆ ਨੀ ਸੀ
ਅੱਜ ਵੀ ਅਸਮਾਨ ਓਹਨੂੰ ਉਡੀਕਦਾ
ਤੇ ਓਹ ਖੜ੍ਹਾ ਤੱਕਦਾ ਅਸਮਾਨ ਵੱਲ ਦੋਬਾਰਾ ਤੋਂ
ਕਦੇ ਤਾਂ ਉਡਾਰੀ ਓਹਨੇ ਲਾ ਹੀ ਲੈਣੀ
ਓਹਨੇ ਤਾਂ ਸਦਾ ਰਹਿਮ ਹੀ ਕੀਤਾ
ਪਰ ਜ਼ੁਲਮ ਕਦੇ ਵੀ ਬਰਦਾਸ਼ਤ ਨਾ ਕੀਤਾ
ਫੱਟੜ ਹੋਇਆ, ਖੋਬੇ ਕੰਡੇ ਪੈਰੀ, ਤੁਰਦਾ ਦਿਸੇ ਓਹ
ਹੋਰਾਂ ਵਾਂਗ ਸਿਰ ਕਦੇ, ਓਹਨੇ ਝੁਕਾਇਆ ਨੀ ਸੀ
ਲਿਖਦਾ ਓਹ ਆਪਣੇ ਜਜ਼ਬਾਤਾਂ ਨੂੰ
ਉਤਾਰਦਾ ਇਕ ਨਕਸ਼ਹਿਨ ਤਰਸੱਵਰ
ਉਲੇਖ਼ਾ ਦਾ, ਸਿਰਫ ਕਾਗਜ਼ਾਂ ਤੇ
ਲਿਖਦੇ-ਲਿਖਦੇ, ਮਸ਼ਗੂਲ ਸੀ ਓਹ
ਆਪਣੀ ਭਾਵਨਾਵਾਂ ਵਿੱਚ
ਕਦੇ ਵਿਰਸਾ ਤੇ ਕਦੇ ਸਮਾਜ ਦਾ ਅਕਸ
ਬਿਆਂ ਕਰਦੇ ਨੇ, ਓਹਦੇ ਲਿਖੇ ਕਾਗਜ਼



ਅੱਜ ਵੀ ਨਾਲ ਓਹਦੇ ਜੀਵਨ ਦਾ
ਹਰ ਇਕ ਫਲਸਵਾ ਵੀ
ਤਾਂ ਓਹ ਲੜ ਸਕਦਾ ਲੋਕਾਂ ਲਈ
ਪਰ ਹਾਰਨਾ ਓਹਨੂੰ ਕੌਣ ਦੱਸੇ
ਪਰ ਚਾਹੁੰਦਾ ਤਾਂ ਹੈ ਓਹ ਅਸਵਾਂ ਰੰਗੀਨ
ਆਪਣੇ ਲਈ ਵੀ
ਜੋ ਸ਼ਾਯਦ ਮੁੰਮਕਿਨ ਨਹੀਂ ਸੀ
ਜ਼ਫ਼ਰ ਦੇ ਰੋਣ ਦੀ ਇਕ ਵਜ੍ਹਾ ਆਹ ਵੀ ਸੀ…

**ਕਿਸਾਨੀ ਮੋਰਚਾ**

ਬੜੇ ਮਾਯੂਸ ਨੇ ਕੁਝ ਚਿਹਰੇ
ਬੱਸ ਥੋੜੇ ਜਿਹੇ ਮੁਰਝਾਏ
ਪਰ ਹਾਰਿਆਂ ਇਹਨਾਂ ਨੂੰ ਨਾ ਸਮਝਿਓ
ਇਹ ਮੇਰੇ ਵਤਨੋਂ
ਪੰਜਾਬ ਤੋਂ ਚੱਲ ਕੇ ਆਏ
ਬੇਸ਼ੱਕ ਦਸਤਕਾਂ ਹੋਣ ਬਰੂਹਾਂ ਤੇ
ਮਗਰ ਹੋਵੇ ਸਦਾ ਇਕ ਫਲਸਫਾ
ਇਹ ਆਏ ਨੇ ਅੱਖਾਂ ਚ ਖ਼ਵਾਬ ਲੈਅ ਕੇ
ਇਹ ਬੇਵਜ੍ਹਾ ਨੀ ਆਏ

ਜਦ ਹੋਇਆ ਗੰਧਲਾ ਜ਼ਮੀਰ ਲੋਕਾਂ ਦਾ
ਜਦ ਹੁੰਦਾ ਜ਼ਿਕਰ ਜਾਗੀਰਦਾਰੀ ਜੋਂਕਾ ਦਾ
ਜਦ ਵਧਿਆ ਭਾਰ ਕੀਰਤੀ ਦੇ ਸਿਰ ਪਏ ਬੋਝਾਂ ਦਾ
ਫੇਰ ਅਧੂਰੇ ਸਿਆਸਤੀ ਜੁਮਲਿਆਂ ਨੂੰ
ਇਹ ਪੂਰਾ ਕਰਨ ਲਈ ਆਏ
ਇਹ ਲੋਕ ਨੇ ਮੇਰੇ ਵਤਨ ਦੇ
ਪੰਜਾਬ ਤੋਂ ਚਲ ਕੇ ਆਏ

ਤੁਹਾਡੇ ਨੈਣਾਂ ਨੂੰ ਸ਼ਾਯਦ ਚੁੱਭਣੇ
ਤੁਹਾਡੇ ਗ਼ਲਤ ਅਲਫ਼ਾਜ਼ ਵੀ ਨੀ ਮੁੱਕਣੇ
ਇਹ ਤਾਂ ਮੰਗਦੇ ਬਸ ਹਿਸਾਬ ਸਿਆਸਤ ਤੋਂ
ਫ਼ਸਲ ਤੇ ਨਸਲ ਬਚਾਉਣ ਨੂੰ ਆਏ
ਤਾਂ ਸੋਚਿਓ ਕਦੇ ਤਾਂ ਬੈਠ ਕੇ।



ਇਹ ਲੜਨ ਨੂੰ ਨੀ ਆਏ
ਇਹ ਲੋਕ ਨੇ ਮੇਰੇ ਵਤਨ ਦੇ
ਅੱਜ ਪੰਜਾਬ ਤੋਂ ਚਲ ਕੇ ਆਏ...

## ਅੱਗੇ ਵਧਣਾ

ਧਨਾਢ ਸੇਠ ਦੀ ਹੈ ਅੱਜ ਮਰਜੀ
ਕੇ ਤੂੰ ਲੜਦਾ ਰਹੇ ਕੇ ਤੂੰ ਮਰਦਾ ਰਹੇ
ਚਾਹਨਾ ਓਹਦੀ ਇੰਨੀ ਕੇ
ਕੇ ਤੂੰ ਗੁਲਾਮੀ ਕਰਦਾ ਰਹੇ
ਓਹਦਾ ਢਿੱਡ ਤੂੰ ਭਰਦਾ ਰਹੇ
ਸਵਾਰਥਾਂ ਨੇ ਕੀਤੀਆਂ
ਅੱਜ ਦੇਸ਼ ਤੇ ਜਾਗੀਰਦਾਰੀਆਂ
ਕਾਹਦੀ ਸੇਵਾਦਾਰੀ
ਖਾਲੀ ਹੋਣ ਪਾਈਆਂ ਥਾਲੀਆਂ
ਜਾਵੇ ਹੋਂਦ ਨੂੰ ਹੈ ਖਤਰਾ
ਫਸਲਾਂ ਪੁੱਤਾਂ ਵਾਂਗ ਪਾਲੀਆਂ
ਬਸ ਓਹਦੀ ਤਾਂ ਖ਼ਵਾਹਿਸ਼ ਇੰਨੀ
ਧਰਮ, ਕਾਨੂੰਨ ਤੇ ਜਾਤ ਦਾ ਝੰਡਾ
ਕੇ ਤੂੰ ਚੁੱਕਦਾ ਰਹੇ, ਕੇ ਤੂੰ ਮਰਦਾ ਰਹੇ
ਅੱਜ ਵੀ ਢਲਦੇ ਸੂਰਜ ਨੂੰ ਵੇਖ
ਆਹੀ ਗੂੰਝ ਸੁਣਾਈ ਮੈਂ
ਇਸ ਅਨਿਆ ਦੇ ਵਿਰੁੱਧ
ਕੇ ਤੂੰ ਇਕਜੁੱਟ ਹੋ ਲੜਦਾ ਰਹੇ
ਕੇ ਤੂੰ ਅੱਗੇ ਵਧਦਾ ਰਹੇ...



## ਮਿੱਟੀ

ਜਦ ਵੀ ਪੱਥਰ ਹੋਈਆਂ ਤਸਵੀਰਾਂ
ਹੱਥ ਚੋਂ ਮੀਟੀਆਂ ਨੇ ਲਕੀਰਾਂ
ਦਿਲ ਦੇ ਸੌਦੇ ਕਰਕੇ ਤੁਰਗੇ
ਵਿਕ ਗਈਆਂ ਨੇ ਸਭ ਜਗੀਰਾਂ
ਜਿਹੜੇ ਰਸਤੇ ਰਾਹ ਵੱਲ ਤੁਰਦੇ
ਚੁੰਮ-ਚੁੰਮ ਰੱਖੀਆਂ ਓਹਦੀਆਂ ਤਹਰੀਰਾਂ
ਸਾਰੇ ਮੰਜ਼ਰ ਅਸਕਾਂ ਨੂੰ ਲੁਕਦੇ
ਨੋਚਿਆ ਪਿੰਜਰ ਹੋਈਆਂ ਲੀਰਾਂ
ਸ਼ਾਮਾਂ ਪਾਈਆਂ ਲੁਕਿਆ ਪਰਛਾਵਾਂ
ਸਾਥੋਂ ਰੁੱਸੀਆਂ ਨੇ ਤੌਕਿਰਾਂ।।( ਤਕਦੀਰਾਂ)।।
ਰਾਹੇ ਤੁਰਿਆ ਹੱਥ ਜਦ ਛੁੱਟਿਆ
ਛੱਡ ਗਿਆ ਸਾਨੂੰ ਵਿੱਚ ਰਾਹਗੀਰਾਂ
ਜਦ ਵੀ ਪੱਥਰ ਹੋਈਆਂ ਤਸਵੀਰਾਂ
ਹੱਥ ਚੋਂ ਮੀਟੀਆਂ ਨੇ ਲਕੀਰਾਂ...

## ਫਰਕ ਨੀ ਪੈਣਾ ਪਾਣੀ ਨੂੰ

ਕੁਝ ਬੂੰਦਾਂ ਸਮੁੰਦਰ ਦੀਆਂ
ਖਾਰਾਂ ਅੱਖ ਦੇ ਪਾਣੀ ਵਰਗਾ
ਪਰ ਫਰਕ ਨੀ ਪੈਣਾ ਪਾਣੀ ਨੂੰ
ਵਿਹੰਦੀਆ ਲਹਿਰਾਂ ਉੱਚੀਆਂ ਵਿਸ਼ਾਲ
ਰੰਗ ਦੇਣ ਨੀਲ ਜਿਹਾ ਅਸਮਾਨਾਂ ਨੂੰ
ਵਹਿਣਾ ਇਹਨਾਂ ਥੱਲੇ ਨੂੰ
ਬੁੱਝਾ ਨੀ ਸਕਦਾ ਮਨ ਦੀ ਪਿਆਸ
ਤਾਂ ਫਰਕ ਨੀ ਪੈਣਾ ਪਾਣੀ ਨੂੰ …



## ਨੌਂਜਵਾਨੀ

ਕਿੰਨੇ ਸਾਰੇ ਉੱਭਰੇ ਤਾਰੇ
ਚਮਕ ਅਸਮਾਨੀ ਫੱਬਦੇ ਤਾਰੇ
ਸਾਥੋਂ ਸੱਜਣ ਦੂਰ ਗਿਆ ਨੂੰ
ਮੁੜ ਨਾ ਵੇਖਣ ਦਿਲ ਦੇ ਪਿਆਰੇ

ਮਾਂ ਦਾ ਮਹਿਰਮ ਜਾਣੂ ਦਿਲ ਵਿੱਚ
ਡਾਲਰ ਪੌਂਡ ਤੇ ਡੁੱਲਦੇ ਸਾਰੇ
ਚੁਫੇਰੇ ਘਰ ਦੇ ਖਾਲੀ ਹੋ ਚੱਲ
ਬਾਗ਼ ਵੀ ਕੇਰਨ ਹੰਝੂ ਖਾਰੇ

ਹੁਣ ਜਦ ਡਿਗਰੀ ਕਾਗਜ਼ ਕੱਖ ਨੇ ਬਣਦੇ
ਪਰਦੇਸੀ ਕਹਾਉਂਦੇ ਓਹ ਬੇਚਾਰੇ
ਬੈਠ ਕੇ ਜਦ ਵੀ ਮੈਂ ਓਹਨੂੰ ਸੋਚਾਂ
ਲੰਘਦੇ ਲੀਡਰ, ਵੱਡੀਆਂ ਕਾਰੇ

ਫ਼ਸਲ ਵਪਾਰ ਸਭ ਮੰਦਾ ਹੋ ਚੱਲ
ਵੱਡੀਆਂ ਡਾਰਾਂ ਚਿੜੀਆਂ ਮਾਰੇ
ਕਲਮ ਸੱਚ ਨੂੰ ਕੋਈ ਭੋਰ ਸਕੇ ਨਾ
ਅਖ਼ਬਾਰ ਤਾਂ ਬੋਲਣ ਗ਼ਲਤ ਨੇ ਸਾਰੇ …

## ਲੇਖ

ਅੱਜ ਵੀ ਮੈਂ ਸੁਪਨੇ ਬੁਣਦਾ ਹਾਂ
ਓਹ ਸੁਪਨੇ ਜਿਹਨਾਂ ਵਿੱਚ
ਤੂੰ ਤੇ ਮੈਂ ਹੋਣ ਇਕੱਠੇ
ਸ਼ਾਯਦ ਇਹ ਵੀ ਹੋਣਗੇ ਲਾਜ਼ਮੀ
ਮੇਰੇ ਸਾਹ ਚੱਲਦੇ ਰੱਖਣ ਲਈ
ਮੈਨੂੰ ਤੁਰਦੇ ਰੱਖਣ ਲਈ
ਤੈਨੂੰ ਯਾਦ ਰੱਖਣ ਲਈ
ਕਦੋਂ ਵੱਖ ਹੋਏ ਆਪਾਂ
ਇਹ ਮੈਨੂੰ ਯਾਦ ਹੀ ਨਹੀਂ
ਕਿਉਂਕਿ ਵੱਖ ਆਪਾਂ ਕਦੇ ਵੀ
ਹੋਏ ਹੀ ਨਹੀਂ
ਅਣਗਿਣਤ ਪੈਂਡਿਆਂ ਤੇ ਤੁਰਦਿਆਂ
ਪੈਰਾਂ ਪਏ ਛਾਲੇ
ਇਸ ਗੱਲ ਦੀ ਤਸਦੀਕ ਕਰਦੇ ਨੇ
ਕੇ ਸਫ਼ਰ ਹਾਲੇ ਮੁੱਕੇ ਹੀ ਨਹੀਂ
ਇਹ ਉਸ ਦਿਨ ਹੀ ਹੋਣਗੇ ਨੇ ਖਤਮ
ਜਦ ਤੂੰ ਤੇ ਮੈਂ ਇੱਕਠਿਆ ਬੈਠਣਾ
ਸ਼ਾਯਦ ਕਿਸੇ ਜੰਨਤ ਵਿਚ ਹੀ ਸਹੀ।
ਤੂੰ ਤੇ ਮੈਂ। ਚਲ ਚੱਲੀਏ ਇਕ ਨਵੀਂ ਰਾਹ ਨੂੰ
ਅਪਣੇ ਲੇਖਾਂ ਨੂੰ ਤਰਸ਼ੀਏ। ਹਮੇਸ਼ਾਂ ਦੀ ਤਰ੍ਹਾਂ



## ਪੈਰੋਕਾਰਾਂ ਦੇ ਫੁੱਲ

ਪੈਰੋਕਾਰਾਂ ਦੇ ਫੁੱਲ
ਅਜੀਬ ਹੁੰਦੇ
ਗੱਲ ਮਜ਼ਹਬ ਦੇ ਕਰਦੇ
ਧਰਮ ਦੀ ਕਰਦੇ
ਤੇ ਮੁੱਕਦੇ ਗੱਲ ਵਰਤਾਉਣ ਇਹ
ਹਰ ਧਰਮ ਦੇ ਸਨਮਾਨ ਦੀ ਜਗ੍ਹਾ
ਆਪਣੀ ਸੋਚਣੀ ਨੂੰ ਧਰਮ ਦੀ ਚਾਸ਼ਨੀ
ਚ ਲਪੇਟ ਦਿਖਾਉਂਦੇ ਨੇ
ਠੀਕ ਹੈ ਕੋਈ ਵੀ ਬੁਰਾਈ ਨਹੀਂ
ਜਿਸ ਧਰਮ ਚ ਜੰਮੇ ਪਲੇ
ਓਹਦੇ ਪ੍ਰਸਾਰ ਵਿਚ ਕੋਈ ਬੁਰਾਈ ਨਹੀਂ
ਨਾ ਹੀ ਬੁਰਾਈ ਓਹਨਾ ਸ਼ਬਦਾਂ ਦੀ
ਜੋ ਹਰ ਧਰਮ ਚ ਕੌਮ ਦੀ ਏਕਤਾ
ਦਾ ਸਬਕ ਸਿਖਾਉਂਦੇ ਨੇ
ਦਬੇ ਕੁਚਲੇ ਲੋਕਾਂ ਨੂੰ
ਪਾਠ ਧਾਰਮਿਕਤਾ ਦਾ ਸਮਝਾਉਂਦੇ ਨੇ
ਕੋਈ ਬੁਰਾਈ ਨਹੀਂ
ਲੇਕਿਨ ਕੁਝ ਧਰਮ ਦੇ ਠੇਕੇਦਾਰਾਂ ਦਾ
ਕਯਾ ਲੋਕਾ ਨੂੰ ਵਰਗਲਾਉਣਾ ਜਾਇਜ਼ ਹੈ ?
ਕਯਾ ਇਕ ਖਾਸ ਸਿਆਸੀ ਤਰਜੀਹ ਨੂੰ
ਵੋਟ ਪਾਵਾਉਣਾ ਜਾਇਜ਼ ਹੈ ?
ਕਯਾ ਧਰਮ ਦੇ ਪ੍ਰਸਾਰ ਦੇ ਨਾਂਅ ਤੇ
ਫੈਲਦਾ ਡੇਰਾਵਾਦ ਜਾਇਜ਼ ਹੈ ?

ਕਯਾ ਬੰਦ ਗੁਫਾਵਾਂ ਵਿਚ ਲੁੱਟ ਹੁੰਦੀ
ਕਿਸੇ ਮਾਸੂਮ ਦੀ ਅਸਮਤ ਜਾਇਜ਼ ਹੈ ?
ਬਾਹਰ ਬੱਚੇ ਭੁੱਖੇ ਨੇ ਸੌਂਦੇ
ਤੇ ਤੁਸੀ 36 ਭੋਜ ਦਾ ਸਵਾਦ ਹੋ ਚੱਖਦੇ
ਲੋਕਾਂ ਦੇ ਸ਼ਰਧਾ ਦਾ ਇਸਤੇਮਾਲ ਕਿੰਞ ਹੋ ਸਕਦੇ
ਜਦ ਰਹਿਣ ਬਸੇਰੇ ਤੋਂ ਪਹਿਲਾ
ਤੁਸਾਂ ਮਹਿਲ ਮੁਨਾਰੇ ਹੋ ਖੜੇ ਕਰਦੇ
ਕਿਹੜੇ ਰੱਬ ਨਾਲ ਤੁਹਾਡੇ ਤਾਰ ਜੁੜੇ
ਸਾਨੂੰ ਵੀ ਸਮਝਾ ਦਿਓ
ਲਿਖਦੇ ਲਿਖਦੇ ਮੇਰੀ ਤਵੀ ਦੇ ਲੇਖ ਵੀ ਮਿਟਗੇ
ਪਰ ਮੇਰੀਆ ਸਧਰਾ ਨੂੰ ਝੂਠਲਾ ਦਿਓ
ਨਿਰਦੋਸ਼ ਜੇਲ੍ਹਾਂ ਚ ਨੇ ਬੈਠੇ
ਤੁਸੀ ਦੋਸ਼ੀ ਹੋ ਕੇ ਠਾਠ ਵਿਖਾਉਂਦੇ ਹੋ
ਗਲ ਕੌੜੀ ਕਈਆਂ ਨੂੰ ਜਾਪਣੀ
ਪਰ ਸੱਚ ਆਹੀ ਹੈ
ਪੈਰੋਕਾਰਾਂ ਦੇ ਫੁੱਲ ਅਜੀਬ ਹੁੰਦੇ…



**ਮੈਂ ਨਹੀਂ ਭੁੱਲਣਾ**

ਬਹੁਤ ਕੁਝ ਬਦਲ ਗਿਆ ਹੈ
ਤੇਰੇ ਤੇ ਮੇਰੇ ਦਰਮਿਆਨ
ਬਸ ਮੈਂ ਵੇਖ ਸਕਦਾ ਤੈਨੂੰ
ਸਿਰਫ ਆਪਣੇ ਮਨ ਦੀਆਂ ਅੱਖਾਂ ਨਾਲ

ਤੇਰੀਆਂ ਅੱਖਾਂ ਸੁੱਚੀਆਂ ਨੇ
ਤੇ ਮੇਰੀਆ ਨਜ਼ਰਾਂ ਹਨ ਮੈਲੀਆਂ
ਅਫਸੋਸ ਕੇ ਵਕਤ ਦੇ ਪਹੀਏ ਨੀਚੇ
ਮਿੱਧ ਜਾਣਗੀਆਂ ਨੇ ਪੈਲੀਆਂ
ਤਾਂ ਬਸ ਤੈਨੂੰ ਦੂਰੋਂ ਵੇਖ ਸਕਦਾ
ਪਰ ਨਾ ਤੈਨੂੰ ਕੁਝ ਮੈਂ ਕਹਿ ਸਕਦਾ
ਤੇਰਾ ਨਾਮ ਮੈਂ ਨੀ ਲੈ ਸਕਦਾ
ਕਾਸ਼ ਕੇ ਵਾਕਫੀ ਦੀ ਦੀਵਾਰ ਨਾ ਹੁੰਦੀ
ਤੇਰੇ ਤੇ ਮੇਰੇ ਦਰਮਿਆਨ
ਹੁਣ ਬਹੁਤ ਕੁਝ ਬਦਲ ਗਿਆ ਹੈ
ਤੇਰੇ ਤੇ ਮੇਰੇ ਦਰਮਿਆਨ

ਕਿੰਞ ਮੈਨੂੰ ਭੁੱਲਣਾ ਤੇਰਾ ਚਹਿਕਣਾ
ਵਿੱਚ ਬਾਗਾਂ ਸਰਗੀ ਫੁੱਲਾਂ ਦਾ ਹੈ ਮਹਿਕਣਾਂ
ਮੰਨ ਮੇਰਾ ਭਰਿਆ ਤੇਰੇ ਬੋਲ ਸੁਣਨ ਨੂੰ
ਤੈਨੂੰ ਆਪਣੀ ਦੱਸਣ ਨੂੰ ਤੇਰਾ ਹਾਲ ਸੁਣਨ ਨੂੰ

ਕੌੜ ਰਿਵਾਜਾਂ ਦੀ ਪ੍ਰਵਾਹ ਨੀ ਮੈਨੂੰ

ਬਸ ਕਹਿਣਾ ਚਾਹੁੰਦਾ ਹਾਂ ਪਿਆਰ ਹੈ ਮੈਨੂੰ
ਪਰ ਠੇਸ ਹੈ ਲੱਗਣੀ ਇਸ ਕਾਇਦੇ ਨੂੰ ਤਾਂ
ਤੇ ਘੱਟ ਸਕਦਾ ਤੇਰਾ ਮਾਣ
ਹਾਂ, ਬਹੁਤ ਕੁਝ ਬਦਲ ਗਿਆ ਹੈ
ਤੇਰੇ ਤੇ ਮੇਰੇ ਦਰਮਿਆਨ...



**ਮੇਰੀ ਮਾਂ**

ਸ਼ੀਸ਼ੇ ਸਾਵੇਂ ਖੜ੍ਹੀ ਮੇਰੀ ਮਾਂ
ਸਵੇਰੇ ਉਠਾਉਂਦੀ ਨਿੱਘ ਵਰਸਾਉਂਦੀ
ਰੋਟੀ ਬਣਾਉਂਦੀ ਸਕੂਲੇ ਭੇਜਦੀ
ਤੇ ਮੇਰਾ ਰਾਹ ਉਡੀਕਦੀ ਮੇਰੀ ਮਾਂ
ਸ਼ੀਸ਼ੇ ਸਾਵੇਂ ਖੜ੍ਹੀ ਮੇਰੀ ਮਾਂ
ਸਭ ਤੋਂ ਸੋਹਣੀ ਮੇਰੀ ਮਾਂ

ਅਪਣਤ ਦੇ ਭੇਦ ਤੋਂ ਊਰਾਂ
ਜਿਵੇਂ ਚੰਨ ਦਾ ਚਾਨਣ
ਨਿਰਮਲ ਛਾਇਆ ਮੇਰੀ ਮਾਂ
ਢਿੱਡ ਖਵਾ ਜਿਹਨੇ ਪੂਰੇ ਕੀਤੇ
ਮੇਰੇ ਸਭ ਚਾਅ ਹਾਂਜੀ ਮੇਰੀ ਮਾਂ
ਸ਼ੀਸ਼ੇ ਸਾਵੇਂ ਖੜੀ ਮੇਰੀ ਮਾਂ
ਸਭ ਤੋਂ ਸੋਹਣੀ ਮੇਰੀ ਮਾਂ

ਰੁੱਸੇ ਸੁੱਤੇ ਬਾਪੂ ਜੀ ਦੇ ਗੁੱਸੇ ਤੋਂ
ਮੈਨੂੰ ਚੂਰੀ ਬਣਾ ਦਿੱਤੀ ਖਵਾ
ਸਭ ਤੋਂ ਸੋਹਣੀ ਹਾਂਜੀ ਮੇਰੀ ਮਾਂ
ਅਰਦਾਸ ਮੇਰੀ ਹਰ ਰੋਂਦੇ
ਅਨਾਥ ਦੇ ਸਿਰ ਦਾ ਆਂਚਲ
ਜੇਕਰ ਬਣੇ ਹਰ ਕੋਈ ਮਾਂ
ਸਭ ਤੋਂ ਸੋਹਣਾ ਰੱਬ ਦਾ ਰੂਪ ਹੈ ਮਾਂ

ਅੱਜ ਲੁਕ ਲੁਕ ਖ਼ਬਰ ਮੈਂ ਲੇਵਾਂ
ਸੁੰਨੇ ਘਰਾਂ ਵਿਚ , ਬੱਚੇ ਲੱਭਦੀ
ਮਾਰਦੀ ਟੱਕਰਾਂ ਕੰਧਾਂ ਨਾਲ
ਅੱਜ ਹਰ ਇਕ ਮਾਂ
ਤਾਂ ਕਦਰ ਕਰੋ
ਸਭ ਤੋਂ ਸੋਹਣਾ ਰਿਸ਼ਤਾ ਮਾਂ
ਸ਼ੀਸ਼ੇ ਸਾਵੇਂ ਖੜ੍ਹੀ ਮੇਰੀ ਮਾਂ...



**ਦੁੱਖ ਤਾਂ ਦੁੱਖ ਹੀ ਹੁੰਦਾ**

ਦੁੱਖ ਤਾਂ ਦੁੱਖ ਹੀ ਹੁੰਦਾ
ਪਿਟਾਰੀ ਢਕਿਆ ਨਾਗ ਹੀ ਹੁੰਦਾ
ਇਲਮ ਇਸ਼ਕ ਦਾ ਹੋਣ ਦੇ ਬਾਝੋਂ
ਹੁੰਦਾ ਹਰ ਕੋਈ ਬਰਬਾਦ ਹੀ ਹੁੰਦਾ
ਰਾਤ ਹਨੇਰੀ ਤੁਰਿਓਂ ਇਸ਼ਕ ਦੇ ਰਾਹੇ
ਦਿਨ ਚਿੱਟਿਆਂ ਨੂੰ ਬਦਨਾਮ ਹੀ ਹੁੰਦਾ
ਪਰ ਹਰ ਜਲਾਹਤ ਸੀਨੇ ਲੁਕਾਈ
ਕਲਮ ਦਾ ਮਾਹਰ ਫੌਲਾਦ ਵੀ ਹੁੰਦਾ
ਪਰ ਦੁੱਖ ਤਾਂ ਦੁੱਖ ਹੀ ਹੁੰਦਾ...

**ਖਤ**

ਮੈਂ ਤੇ ਤੇਰੇ ਲਿਖੇ ਖਤ
ਅੱਜ ਵੀ ਗੱਲਾਂ ਕਰਦੇ ਨੇ
ਰਮਜ਼ਾਂ ਨੂੰ ਪੱਲੇ ਬੰਨ
ਦਾਵਿਆ ਦੀ ਗੁੱਟ ਤੇ ਚੜ੍ਹਾ
ਅੱਖਰ ਤੇਰੇ ਰਾਹ ਨੂੰ ਤੱਕਦੇ ਨੇ ਚੱਲਦੇ ਨੇ
ਤੁਰਦੇ ਨੇ ਤੇ ਮੁੱਕਦੇ ਨੇ

ਇਸ਼ਕ ਦਵਾਤ ਦੀ ਮਿੱਠੀ ਸ਼ਿਆਹੀ
ਤੇ ਮਹਿਕਾਂ ਤੇਰੀ ਚੁੰਨੀ ਦੀਆਂ
ਗੁਲਾਬ ਮੁਰਝਾਏ ਹੋਣਗੇ ਬੇਸ਼ੱਕ
ਤੇਰੇ ਨਾਜੁਕ ਹੱਥਾਂ ਨੂੰ ਚੇਤੇ ਕਰਦੇ
ਇਹ ਲੱਗ ਮੇਰੇ ਸੀਨੇ ਦੇ

ਰੋਂਦੇ ਨੇ ਤੇ ਮਰਦੇ ਨੇ
ਮੈਂ ਤੇ ਤੇਰੇ ਲਿਖੇ ਖਤ
ਅੱਜ ਵੀ ਗੱਲਾਂ ਕਰਦੇ ਨੇ

ਹੰਝੂ ਤੇਰੇ ਅੱਖ ਦੇ ਡੁੱਲੇ
ਅਰਮਾਨ ਦੋਨਾਂ ਦੇ, ਵਿਸਰੇ ਭੁੱਲੇ
ਸ਼ਬਦ ਤੇਰੇ ਵੱਖ ਹੋਣ ਦੇ
ਮੁੜ ਤਸਦੀਕ ਨੂੰ ਡਰਦੇ ਨੇ
ਇਕ ਵਲਵਲਾ ਸਾਡੇ ਨੀਂਹ ਦੀ ਰਤ ਵਿੱਚ
ਇਹ ਭਰਦੇ ਨੇ ਤੇ ਵਰਦੇ ਨੇ



ਮੈਂ ਤੇ ਤੇਰੇ ਲਿਖੇ ਖਤ
ਅੱਜ ਵੀ ਗੱਲਾਂ ਕਰਦੇ ਨੇ...

## ਕੀ ਲੋਕਾਂ ਨੂੰ ਮੰਦਰ ਚਾਹੀਦਾ

ਲੋਕਾਂ ਨੂੰ ਮੰਦਰ ਚਾਹੀਦਾ
ਕਿੱਥੇ ਨੇ ਲੱਖਾਂ ਨੌਕਰੀਆਂ
ਕਿੱਥੇ ਨੇ ਕਾਰੋਬਾਰ
ਹਰ ਗੱਭਰੂ ਹੁਣ ਛਾਲ ਮਾਰਕੇ
ਜਿਉਂਦਾ ਸਮੁੰਦਰੋ ਪਾਰ
ਲੋਕਾਂ ਨੂੰ ਮੰਦਰ ਚਾਹੀਦਾ

ਕਿੱਥੇ ਨੇ ਸਰਕਾਰੀ ਏਅਰਪੋਰਟ
ਕਿਉਂ ਹੋਏ ਨੇ ਮਹਿੰਗੇ ਇਲਾਜ
ਫਸਲ ਮੰਡੀਓ ਮੁੱਲ ਨਾ ਪਾਉਂਦੀ
ਮਜ਼ਦੂਰ ਹਾੜੇ ਕੱਢਦਾ ਕਰੇ ਅਰਦਾਸ
ਘਓ ਤੇਲ ਦੇ ਦਾਮ ਨੇ ਉੱਚੇ।
ਤੇ ਹੰਝੂ ਕੱਢਦਾ ਰਹਿੰਦਾ ਏ ਪਿਆਜ
ਨਸ਼ਿਆ ਨੂੰ ਕਿਉਂ ਨੱਥ ਨਾ ਪੈਂਦੀ
ਮੈਂ ਰੋਜ ਹੀ ਵੇਖਾਂ ਲਾਸ਼
ਲੋਕਾਂ ਨੂੰ ਮੰਦਰ ਚਾਹੀਦਾ ?



## ਧਰਮ ਕੀ ਹੈ ?

ਲੋਕ ਪੁੱਛਦੇ ਕੇ ਧਰਮ ਕੀ ਹੈ ?
ਮੈਂ ਤਾਂ ਜਾਣਾ ਬਸ ਦੇਵੇ ਸੁਕੂਨ
ਓਹ ਜੋ ਮੈਨੂੰ ਦੇਵੇ ਹਰ ਜੀਵ ਨੂੰ ਬਰਕਤ
ਓਹ ਜੋ ਮੈਨੂੰ ਲੜ ਲਾਵੇ ਹਰ ਵਕਤ
ਓਹ ਨਾ ਦਿਨ ਹੈ ਤੇ ਨਾ ਰਾਤ ਹੈ
ਓਹਦੇ ਸਾਹਮਣੇ ਕਿਸੇ ਦੀ ਕਯਾ ਔਕਾਤ ਹੈ
ਮੈਂ ਓਹਨੂੰ ਮੰਨਦਾ ਤੇ ਕਹਿੰਦਾ ਰੱਬ ਹਾਂ
ਤੇ ਮਿਲਦਾ ਮੈਨੂੰ ਮੇਰੇ ਅੰਦਰ ਹੈ
ਮੇਰੇ ਮਨ ਦੇ ਵਿਚ ਵੱਸਿਆ ਇੱਕ ਮੰਦਰ ਹੈ

ਲੋਕ ਇੱਥੇ ਤਾਂ ਲੋਕ ਆਹੀ ਗੱਲ ਪੁੱਛਦੇ
ਪੁੱਛਦੇ ਕੇ ਧਰਮ ਕੀ ਹੈ ?

ਇਨਸਾਨੀਅਤ ਹੀ ਧਰਮ ਹੈ
ਨਾ ਇਹਦੇ ਅੰਦਰ ਜਾਤ-ਪਾਤ ਦਾ ਕੋਈ ਭਰਮ ਹੈ
ਬਜ਼ੁਰਗਾਂ ਦੀ ਇੱਜਤ ਕਰਨਾ ਤੇ
ਇਸਤਰੀਆਂ ਦਾ ਸਨਮਾਨ ਕਰਨਾ
ਛੋਟੀਆਂ ਨੂੰ ਸਿੱਖਿਆ ਦੇਣਾ ਤੇ
ਖੁਦ ਨੂੰ ਹਮੇਸ਼ਾ ਹਰ ਹਾਲਾਤ ਵਿੱਚ ਖੁਸ਼ ਰੱਖਣਾ
ਇਹੀ ਤਾਂ ਧਰਮ ਹੈ
ਓਹਨੂੰ ਲੱਭਦੀ ਦੁਨੀਆ ਸਾਰੀ
ਇਮਾਰਤਾਂ ਅੰਦਰ ਮੂਰਤੀਆਂ ਅੰਦਰ
ਗ੍ਰੰਥਾਂ ਅੰਦਰ ਤੇ ਅਨੇਕਾਂ ਰੰਗਾਂ ਅੰਦਰ

ਪਰ ਓਹਨੂੰ ਨਾ ਮੋਹ ਹੈ
ਤੇ ਨਾ ਨਜ਼ਰਾਂ ਦਾ ਕੋਈ ਫੇਰ ਹੈ
ਓਹ ਨਾ ਪਾਖੰਡਾਂ ਦੇ ਸਰਾਹਣੇ ਬੈਠਦਾ ਤੇ
ਨਾ ਕੋਈ ਮਲੰਗਾ ਦੇ ਕਾਰਨਾਮੇ ਵੇਖਦਾ
ਕਿੰਨੇ ਹੀ ਲੋਕ ਓਹਦੇ ਨਾਂਅ ਤੇ ਪੈਸੇ ਇਕੱਠੇ ਕਰਦੇ
ਕਿੰਨੇ ਹੀ ਲੋਕ ਧਰਮ ਦੇ ਨਾਂਅ ਤੇ ਲੜਦੇ ਤੇ ਮਰਦੇ

ਪਰ ਮਿਲਣਾ ਤੇ ਪਾਉਣਾ ਓਹਨੂੰ
ਸਿਰਫ ਮਨ ਮਾਇਲ ਅੱਖਾਂ ਤੋਂ ਉਰਾਂ ਹੋ ਕੇ
ਪਾਪ ਨੂੰ ਛੱਡ ਨੇਕੀ ਦੀ ਕਮਾਈ ਕਰਕੇ
ਇਹੀ ਧਰਮ ਹੈ, ਇਹੀ ਧਰਮ ਹੈ
ਪਰ ਇੱਥੇ ਤਾਂ ਲੋਕ ਆਹੀ ਗੱਲ ਪੁੱਛਦੇ
ਪੁੱਛਦੇ ਕੇ ਧਰਮ ਕੀ ਹੈ ?



**ਜਿਸਮਾਂ ਦਾ ਮਿਲਾਪ**

ਸੁਣਿਆ ਸ਼ਹਿਰ ਦੇ ਲੋਕਾਂ ਨੂੰ
ਜਿਸਮਾਂ ਦਾ ਮਿਲਾਪ ਪਸੰਦ ਹੈ
ਰੂਹ ਦੇ ਕੌੜੀ ਲੋਕਾਂ ਨੂੰ ਤਾਂ
ਰੁਤਬਾ ਉੱਚਾ, ਮਹਿੰਗਾ ਲਿਬਾਸ ਪਸੰਦ ਹੈ
ਇਸ਼ਕ ਮੁਹੱਬਤ ਹੁਣ ਬਣਦੀ ਕਾਗਜ਼
ਜਜ਼ਬਾਤ ਨੂੰ ਬਣਨਾ ਮਜ਼ਾਕ ਪਸੰਦ ਹੈ
ਸੁਣਿਆ ਸ਼ਹਿਰ ਦੇ ਲੋਕਾਂ ਨੂੰ
ਬੰਦ ਕਮਰਿਆਂ ਦੀ ਸੌਗਾਤ ਪਸੰਦ ਹੈ
ਕੁਆਰੀ ਅਸਮੱਤ ਰੁਲਦੀ ਕਰਕੇ
ਜਿਸਮਾਂ ਦਾ ਮਿਲਾਪ ਪਸੰਦ ਹੈ...

## ਫਿਜਾਵਾਂ ਦੀ ਰੰਗਤ

ਜਦ ਵੀ ਤੇਰੇ ਸ਼ਹਿਰ 'ਚੋਂ ਲੰਘਿਆ
ਵਿਚ ਫਿਜ਼ਾਵਾਂ ਜਾਵਾਂ ਰੰਗਿਆ
ਭੁੱਲਿਆ ਕੁਝ ਨੀ ਸਮਾਂ ਜੋ ਲੰਘਿਆ
ਮੈਂ ਤਾਂ ਹੁਣ ਵੀ ਤੇਰਾ ਸਾਥ ਹੀ ਮੰਗਿਆ

ਅਲਫ਼ ਪੀੜ ਦੇ ਅਲਫ਼ਾਜ਼ ਨੇ ਗਹਿਰੇ
ਇਹ ਪੀੜ ਜੁਦਾਈ ਨਾਗ ਸੀ ਡੰਗਿਆ
ਕੁਰੇਦੇ ਜ਼ਖ਼ਮ ਕਿਉਂ ਮਨ ਸੀ ਜਗਿਆ
ਚੇਤੇ ਆਇਆ ਮਾਸੂਮ ਜਾ ਚਿਹਰਾ
ਸੁਰਖੀ ਰੰਗਿਆ
ਮੈਂ ਅੱਜ ਵੀ ਤੇਰੇ ਸ਼ਹਿਰ 'ਚੋਂ ਲੰਘਿਆ...



## ਇਕ ਸੁਫ਼ਨਾ

ਓਹ ਲਿਖਦੀ ਰਹੀ ਸੀ ਚਿੱਠੀ
ਤੇ ਜਵਾਬ ਨਹੀਂ ਸੀ ਮਿਲਣਾ
ਓਹ ਬੈਠ ਬੂਹੇ ਉਡੀਕੇ
ਤੇ ਪਰ ਮਾਹੀ ਨਾਲ ਕਦੇ
ਸਾਥ ਨਹੀਂ ਸੀ ਨਿਭਣਾਂ
ਜਿਸਮ ਦੀ ਭੁੱਖਾ ਬਣਿਆ ਮਹਿਰਮ
ਤੇ ਕਈ ਕਠਪੁਤਲੀ ਬਣਦੀ ਓਹਦੇ ਵਰਗੀਆਂ
ਇਹ ਸਫ਼ਾ ਅਧੂਰਾ ਹਰ ਕਿਤਾਬ ਦਾ
ਤੇ ਮੈਂ ਚੱਲਿਆ ਹਾਂ ਇਹਨੂੰ ਜੋੜਨ
ਜੁੜਿਆ ਬੇਸ਼ਕ ਤਨ ਹੋਵੇ
ਤੇ ਦਿਲ ਨਹੀਓਂ ਜੁੜਨਾ

ਇਹ ਕਹਾਣੀ ਓਹਦੀ ਹੀ ਸੀ
ਜਿਹਨੂੰ ਲਿਖਦੇ
ਤੇ ਅੱਜ ਮਨ ਵੀ ਬਹੁਤ ਹੈ ਦੁੱਖਣਾ
ਸਭ ਕੁਝ ਸਮਰਪਿਤ ਓਹਨੂੰ ਮੇਰਾ
ਕਿਉਂ ਓਹਨੇ ਮੇਰੇ ਵੱਲ ਨੂੰ
ਜਦ ਇਕ ਆਸ ਬੰਨ੍ਹ ਕੇ ਤੱਕਣਾ
ਕਿਵੇਂ ਗ਼ੈਰਾਤ ਗਵਾ ਆਪਣੀ ਨੂੰ
ਓਹਨੇ ਨਵਾਂ ਰਾਹ ਹੀ ਲੱਭਣਾ
ਕਸੂਰ ਨੀ ਸੀ ਓਹਦਾ
ਕਿਵੇਂ ਰੂਪ ਹੀ ਬਣਿਆ ਦੁਸ਼ਮਣ ?
ਨਿਰਲੱਜਤਾ ਓਹਦੇ ਚਰਿੱਤਰ ਦੀ

ਮੈਂ ਚਾਹੁੰਦਾ ਹਾਂ ਮੁੜ ਦੱਸਣਾ

ਫਾਇਦੇ ਤੇ ਚਲਦੀ ਦੁਨੀਆ ਹੋਵੇ
ਤੇ ਮਾੜਾ ਕਰਕੇ ਮਾੜਾ ਓਹਨੂੰ ਬਣਾਵੇ
ਇਹ ਨਹੀਂ ਕੋਈ ਕਾਇਦਾ ਰਹਿਣ ਦਾ
ਮੈਂ ਤਾਂ ਸਮਾਜ ਨੂੰ ਆਹੀ ਕੁਝ ਹੈ ਦੱਸਣਾ



**ਸੰਨ 1947**

ਮੈਂ ਨਹੀਂ ਹੋਣਾ ਬਦਲਿਆ
ਲੋਕ ਬਦਲ ਜਾਣਗੇ

ਮੈਨੂੰ ਚਾਹੁਣ ਵਾਲੇ
ਕਦੇ ਮੇਰਾ ਵੀ ਜੱਸ ਗਾਣਗੇ
ਕੀ ਸੀ ਮੈਂ, ਮੈਂ ਭੁੱਲਿਆ ਨਹੀਂ ਔਕਾਤ
ਮੇਰੇ ਨਕਸ਼ੇ ਕਦਮ ਤੁਰਨ ਵਾਲਿਆ ਦੀ
ਮੈਂ ਪੁੱਛੀ ਨਹੀਓ ਕਦੇ ਜਾਤ

ਸੰਨ 1947

ਜਦ ਸ਼ਹਿਰਾਂ ਵਿੱਚ ਵਰਸੇ ਲਹੂ ਦੀ
ਮੈਂ ਕੀਤੀ ਸੀ ਗਲ ਬਾਤ
ਲੋਥਾ ਨਦੀਆ ਪਾਣੀ ਸੰਗ ਤੈਰਨ
ਸਵਾਹ ਹੋਏ ਸੀ ਜਜ਼ਬਾਤ
ਸਾਡੇ ਘਰ ਜਲਾਉਣ ਮਗਰੋ
ਓਹਨਾਂ ਦਿੱਤੀ ਸੀ ਖੈਰਾਤ
ਕਾਹਦੀ ਅਜਾਦੀ ਤੇ ਕਿਹੜੀ ਅਜਾਦੀ
ਇਕ ਮੁਲਕ ਦੇ ਕਈ ਟੁਕੜਿਆ ਦੀ
ਸਾਨੂੰ ਦਿੱਤੀ ਗਈ ਸੌਗਾਤ
ਸਾਡਾ ਨਨਕਾਣਾ ਓਥੇ ਰਹਿ ਗਿਆ
ਓਹਨਾ ਦਾ ਰਹਿੰਦਾ ਰਹਿ ਗਿਆ ਏ ਤਾਜ
ਬਾਡਰ ਤੇ ਖੜੇ ਦੋ ਭਾਈ ਵੀ

ਬੰਦੂਕਾਂ ਨਾਲ ਕਰਦੇ ਪਏ ਨੇ ਗਲ ਬਾਤ
ਬਟਵਾਰੇ ਦੀ ਲਕੀਰ ਖਿੱਚਦਿਆਂ।
ਹੋਇਆ ਅਮਰ ਸ਼ਹੀਦਾਂ ਨਾਲ ਵਿਸ਼ਵਾਸਘਾਤ

ਖ਼ੈਰ
ਓਹਨਾਂ ਮੁੱਕਦੇ ਸੋਚਿਆ ਹੋਣਾ
ਸ਼ਹਾਦਤਾਂ ਨਾਲ ਹਾਲਾਤ ਬਦਲ ਜਾਣਗੇ
ਸਾਡੀ ਭਾਰਤੀ ਲੋਕਾਂ ਦੇ ਵੀ
ਕਦੇ ਅੱਛੇ ਦਿਨ ਆਉਣਗੇ
ਪਰ ਨਹੀਂ ਹੋਣਾ ਬਦਲਿਆ
ਇਥੇ ਲੋਕ ਬਦਲ ਜਾਣਗੇ
ਤਾਂ ਅਜਾਦੀ ਖਾਤਿਰ ਲੜਨ ਵਾਲਿਆ ਦੀ
ਕਦੇ ਪੁੱਛੀ ਦੀ ਨੀ ਜਾਤ
ਜਦ ਸ਼ਹਿਰਾਂ ਵਿੱਚ ਵਰਸੇ ਲਹੂ ਦੀ
ਮੈਂ ਕੀਤੀ ਸੀ ਗਲ ਬਾਤ...



**ਤੇਜ਼ ਰਫਤਾਰ ਜਿੰਦਗੀ**

ਮੈਂ ਕਰਨਾ ਨੀ ਚਾਹੁੰਦਾ
ਅੱਜ ਦੀ ਤੇਜ ਰਫ਼ਤਾਰ
ਤੁਰਦੀ ਜ਼ਿੰਦਗੀ ਨਾਲ ਮੈਚਿੰਗ

ਮੈਨੂੰ ਤਾਂ ਓਹੀ ਆਪਣੇ ਖੇਤਾਂ ਦੀ ਸਵੇਰ ਨਾਲ ਮੋਹ ਹੈ
ਨਾ ਕੇ ਸਵੇਰੇ ਆਏ WhatsApp ਤੇ ਅਣਗਿਣਤ
ਗੁੱਡ ਮੋਰਨਿੰਗ ਮੈਸੇਜਾਂ ਨਾਲ ਪਿਆਰ
ਮੈਨੂੰ ਭਾਲ ਹੈ ਚਿੰਤਨ ਦੀ ਓਸ ਇਕੋਂਕਾਰ ਨਾਲ
ਨਾ ਕੇ ਵੇਖਦਾ ਅਣਗਿਣਤ ਟੀਵੀ ਚੈਨਲ
ਜੋ ਬਦਲ ਜਾਂਦੇ ਰਿਮੋਟ ਦੇ ਇਕ ਬਟਨ ਨਾਲ
ਲੋਕ ਕਹਿਣਗੇ ਕਿ ਇੰਨਾ ਸਦਾ ਕਿਉਂ ਹਾਂ ਰਹਿੰਦਾ
ਮੇਰੇ ਕੋਲ ਤਾਂ ਸਫ਼ਾਈ ਵੀ ਨੀ ਦੇ ਹੁੰਦੀ
ਇਕ ਬੱਚੇ ਨੂੰ ਆਪਣੀ ਬੇਬੇ ਦੇ ਮੁੱਖ ਬਿਨਾ
ਵਿਖਦਾ ਵੀ ਕਯਾ ਹੋਣਾ
ਅੱਜ ਜੇਕਰ ਨਵੀਂ ਤਕਨੀਕਾਂ ਨਾਲ
ਕਿਸੇ ਗਰੀਬ ਦੇ ਘਰ ਰੋਟੀ ਪੱਕਦੀ
ਤਾਂ ਮੈਂ ਤੁਰ ਲੈਂਦਾ ਨਾਲ ਤੁਹਾਡੇ
ਜੇਕਰ ਮੇਰੇ ਬਰਾਂਡ ਦੇ ਕਪੜੇ ਪਾਉਣ ਨਾਲ
ਕਿਸੇ ਮਰੀਜ਼ ਦਾ ਇਲਾਜ ਮੁਫ਼ਤ ਹੋ ਜਾਂਦਾ
ਤਾਂ ਮੈਂ ਰੋਜ ਹੀ ਆਪਣੇ ਅੰਦਰ ਨਵੇਂ ਚਾਅ
ਸੁਰਜੀਤ ਕਰਦਾ
ਪਰ ਸ਼ਾਯਦ ਨਹੀਂ
ਨਵੀਂ ਤਕਨੀਕ ਨਵੇਂ ਹਥੀਆਰ ਵੀ ਸਿਰਜਦੀ

ਤੇ ਆਲਸ ਵੀ ਜਗਾਉਂਦੀ ਹੈ ਆਪਣੇ ਅੰਦਰ
ਤਾਂ ਮੈਨੂੰ ਸਾਦਾ ਰਹਿਣਾ ਹੀ ਹੈ ਮਨਜ਼ੂਰ

ਮੈ ਕਰਨਾ ਨੀ ਚਾਹੁੰਦਾ
ਅੱਜ ਦੀ ਤੇਜ ਰਫ਼ਤਾਰ
ਤੁਰਦੀ ਜ਼ਿੰਦਗੀ ਨਾਲ ਮੈਚਿੰਗ...



**ਕਤਲੇਆਮ**

ਵੇਖਿਆ ਅੱਲਾ
ਤੇ ਨਾ ਵੇਖਿਆ ਰਾਮ ਨੂੰ
ਮੈਂ ਤਾਂ ਹਰ ਚੌਰਾਹੇ ਵੇਖਿਆ
ਹੁੰਦੇ ਕਤਲੇਆਮ ਨੂੰ...

**ਤੇਰੇ ਬਿਨ੍ਹਾਂ ਕਦੇ**

ਮੈਂ ਇਕੱਲਾ
ਹੈ ਮੇਰਾ ਇਕ ਸੁਫ਼ਨਾ
ਤੇਰੇ ਕੋਲ ਰਹਿਣ ਦਾ
ਕਾਸ਼ ਹੁੰਦਾ ਕੋ ਸਬਾਬ
ਤੇਰੇ ਕੋਲ ਬਹਿਣ ਦਾ

ਮੈਂ ਰਹਾਂ ਤੇਰੇ ਖ਼ਿਆਲ ਚ ਡੁੱਬਿਆ
ਮੈਨੂੰ ਕਦੇ ਦੱਸਣਾ ਹੀ ਨੀ ਆਇਆ
ਤੇਰੇ ਰਾਹੇ ਮੁੜਿਆ
ਪਰ ਤੁਰਨਾ ਹੀ ਨੀ ਆਇਆ
ਲੰਘਿਆ ਅਸਮਾਨੋਂ

ਪਰ ਰੁਕਣਾ ਹੀ ਨੀ ਆਇਆ
ਤੇਰੇ ਜਾਣ ਮਗਰੋ ਮੈਨੂੰ,
ਕਦੇ ਹੱਸਣਾ ਹੀ ਨੀ ਆਇਆ

ਚਾਹੀਦਾ ਸੀਗਾ ਢੰਗ ਮੈਨੂੰ
ਇਹਨਾਂ ਫਾਸਲਿਆ ਨੂੰ
ਫੁਰਸਤ ਨਾਲ ਭਰ ਲੈਣ ਦਾ
ਤਾਂ ਹੈ ਮੇਰਾ ਇਕ ਸੁਫ਼ਨਾ
ਮੁੜ ਮੇਰਾ ਤੇਰੇ ਕੋਲ ਰਹਿਣ ਦਾ

ਸਾਥੋਂ ਬਿਨਾ ਤੇਰੀ ਕਦੇ



ਸਵੇਰ ਨੀ ਸੀ ਹੋਣੀ
ਜੇ ਵਕਤ ਰੁਕ ਜਾਂਦਾ

ਤਾਂ ਅੱਜ ਦੇਰ ਨੀ ਸੀ ਹੋਣੀ
ਮੈਂ ਵੀ ਚਾਹੁੰਦਾ ਹਾਂ ਅਖਵਾਉਣਾ
ਬਣ ਤਾਰਾ ਤੇਰੇ ਕੋਲ ਖਲੋਣ ਦਾ
ਹੈ ਮੇਰਾ ਇਕ ਸੁਫ਼ਨਾ
ਮੇਰਾ ਤੇਰੇ ਕੋਲ ਰਹਿਣ ਦਾ

## ਫਕਰ

ਮੁੱਠੀ ਵਕਤ
ਦੀ ਕਸਨੀ ਹੈ ਤੇ
ਕਿਸਮਤ ਨੂੰ ਅਜਮਾਉਣ ਹਾਂ ਤੁਰਿਆ
ਹੱਸਦੇ ਲੋਕ ਤਾਂ ਹੱਸਦੇ ਵੱਸਣ
ਮੈਂ ਕੁਝ ਤਾਂ ਦਿਲ ਤੇ ਲਾ ਕੇ ਤੁਰਿਆ

ਗੂੰਗੇ ਬਹਿਰੇ ਸ਼ਹਿਰ ਦੇ ਲੋਕਾਂ ਵਿੱਚ ਦੀ
ਮੈਂ ਢੋਲ ਸੱਚ ਦਾ ਵਜਾ ਕੇ ਤੁਰਿਆ
ਕਾਠੇ ਬੰਨ੍ਹੇ ਤੀਲੀਆਂ ਤਿਨਕੇ
ਫੇਰ ਮੈਂ ਕਾਫਲੇ ਬਣਾ ਕੇ ਤੁਰਿਆ
ਜਦ ਵੀ ਡੁੱਲਦੇ ਵੇਖੇ ਹੰਝੂ ਖਾਰੇ ਨੀ ਮੈਂ
ਆਪਣੀ ਹੋਂਦ ਗਵਾ ਕੇ ਤੁਰਿਆ

ਮਾੜੀ ਸੰਗਤ ਤੇ ਝੂਠੀ ਵਾਹਵਾਹੀ ਤੋਂ ਮੈਂ
ਥੋੜਾ ਫਾਸਲਾ ਬਣਾ ਕੇ ਤੁਰਿਆ
ਲੱਭਣ ਵਾਲੇ ਅੱਜ ਤੱਕ ਭਟਕਣ ਜਗ ਚ
ਮੈਂ ਰੱਬ ਨਾਲ ਸਾਥ ਬਣਾ ਕੇ ਤੁਰਿਆ।
ਮੁੱਠੀ ਵਕਤ ਦੀ ਕਸਨੀ ਹੈ ਤੇ
ਕਿਸਮਤ ਨੂੰ ਅਜਮਾਉਣ ਹਾਂ ਤੁਰਿਆ



## ਦਿਲ ਇੱਕ ਹੈ

ਦਿਲ ਇੱਕ ਹੈ
ਪਰ ਅਰਮਾਨ ਬਹੁਤ ਨੇ
ਦਿਲੀ ਲੁਕੇ
ਜਜ਼ਬਾਤ ਬਹੁਤ ਨੇ
ਇਸ਼ਕ ਦੇ ਪੈਂਡੇ ਮੁਸ਼ਕਿਲ ਹੋਣੇ
ਪਰ ਮੈਨੂੰ ਵਿਖਦੇ
ਆਸਾਨ ਬਹੁਤ ਨੇ
ਲੱਭਦਾ ਹੈ ਇਨਸਾਨ ਕਿਤੇ ਹੀ
ਦੁਨੀਆਂ ਵਿੱਚ ਭਗਵਾਨ ਬਹੁਤ ਨੇ
ਤੇ ਖ਼ੁਸ਼ ਹੋ ਕੇ ਸਿਰ ਕਟਵਾਉਂਦੇ
ਦਿਲ ਵਾਲੇ
ਨਾਦਾਨ ਬਹੁਤ ਨੇ
ਯਾਦਾਂ, ਜ਼ਖਮ, ਦਾਗ਼ ਤੇ ਕੁਰਲਾਟਹਾਂ
ਇਸ ਦਿਲ ਅੰਦਰ
ਮਹਿਮਾਨ ਬਹੁਤ ਨੇ…

## ਪਰਛਾਈ

ਮੈਂ ਜਦ ਵੀ ਕਰਦਾ ਹਾਂ
ਆਪਣੀ ਪਰਛਾਈ ਨੂੰ ਇਹ ਸਵਾਲ
ਕਿਉਂ ਖੜ੍ਹੇ ਤੂੰ ਸਦਾ ਹੀ ਮੇਰੇ ਨਾਲ ?
ਜਦ ਵੀ ਮੈਂ ਹੱਸਾ, ਤੂੰ ਝੂਮੇ ਮੇਰੇ ਨਾਲ
ਕਦ ਰੋਵਾਂ, ਤਾਂ ਸ਼ਰਮਿੰਦਾ ਹੋਵੇ ਮੇਰੇ ਨਾਲ
ਤੂੰ ਇੰਝ ਕਿਉਂ ਰਹਿੰਦੀ ਏ
ਹਮੇਸ਼ਾ ਹੀ ਮੇਰੇ ਨਾਲ ?

ਪਰਛਾਈ ਕਹਿੰਦੀ–

ਮੇਰੇ ਅੰਦਰ ਧੁਰ ਤੱਕ ਲੁਕਿਆ
ਇਹਦਾ ਸਾਰਾ ਹਿਸਾਬ
ਮੇਰੇ ਸਾਈਆਂ
ਮੌਜੂਦਗੀ ਮੇਰੀ ਹੈ ਹੀ ਤੇਰੇ ਸਾਹਾ ਨਾਲ
ਮੈਂ ਹਾਂ ਤੁਰਨਾ ਤੇਰੇ ਹੀ ਰਾਹਾਂ ਨਾਲ
ਜੇ ਮੈਂ ਨਾ ਰਹੂੰ
ਤਾਂ ਦਸ ਰਹਿਣਾ ਹੋਰ ਕੀਹਨੇ ਤੇਰੇ ਨਾਲ
ਜੇਕਰ ਮੈਂ ਨਾ ਖੜੂੰ
ਤਾਂ ਕੌਣ ਖੜ੍ਹੇ ਤੇਰੇ ਨਾਲ
ਇਸ ਲਈ ਰਹਿੰਦੀ ਆ
ਹਮੇਸ਼ਾ ਹੀ ਤੇਰੇ ਹੀ ਨਾਲ–ਨਾਲ...



## ਕੁਝ ਚੇਹਰੇ ਗਵਾਚ ਗਏ ਨੇ

ਦਹਾਕਾ 1984

ਤੁਰੇ ਜਾਂਦੇ ਪਾਣੀਆਂ 'ਚ
ਚਿਰਾਂ ਦਿਆਂ ਹਾਣੀਆਂ 'ਚ
ਚੜ੍ਹਕੇ ਸ਼ਰੀਕਾਂ ਹੱਥੀਂ
ਜੌਂਕਾ ਰੂਪੀ ਸੇਰਿਆ ਚ
ਅੱਜ ਮੇਰਾ ਹੋ ਰਤ ਪਏ ਨੇ ਰੋਲ।

ਸੁੰਞੀਆਂ ਦਹਿਲੀਜ਼ਾਂ ਰੋਈਆਂ
ਪੂਰੀਆਂ ਨਾ ਰੀਝਾਂ ਹੋਈਆਂ
ਮੁੜਕੇ ਆਵਾਜ਼ ਕਦੇ
ਆਈ ਨ ਜੋ ਆਖਦੀ ਹੋਵੇ
ਮੈਂ ਹੀ ਆਂ ਮਾਏ ਮੇਰੀਏ
ਬੂਹਾ ਤੂੰ ਉੱਠ ਖੋਲ੍ਹ ।